# ਵਰਿਆਮ

ਅਪਰੈਲ ੧੯੯੫

ਜਿਸ ਵੇਲੇ ਆਪਣੇ ਯਾਰਾਂ ਦੇ
ਖਿਆਲਾਤ ਮੁਨਾਸਬ ਨਹੀਂ ਹੁੰਦੇ
ਉਸ ਵੇਲੇ ਯਾਰੀ ਤੋੜਨ ਲਈ
ਹਾਲਾਤ ਮੁਨਾਸਬ ਨਹੀਂ ਹੁੰਦੇ ।

ਦਿਲਦਾਰ ਨਜ਼ਰ ਦੇ ਹੁੰਦਿਆਂ ਵੀ
ਕੁਝ ਲੋਕ ਮੁਨਾਸਬ ਨਹੀਂ ਲਗਦੇ
ਕੁਝ ਲੋਕ ਮੁਨਾਸਬ ਹੁੰਦੇ ਨੇ
ਹਾਲਾਤ ਮੁਨਾਸਬ ਨਹੀਂ ਹੁੰਦੇ ।

ਚਾਨਣ ਵਿਚ ਮਹਿਕੀਆਂ ਰਾਤਾਂ ਵਿਚ
ਐਵੇਂ ਨਾ ਰਾਤੀਂ ਘੁੰਮਿਆ ਕਰੋ
ਉਸ ਵੇਲੇ ਪਾਕ ਫ਼ਰਿਸ਼ਤਿਆਂ ਦੇ
ਖਿਆਲਾਤ ਮੁਨਾਸਬ ਨਹੀਂ ਹੁੰਦੇ ।

ਬਾਹਵਾਂ ਦੇ ਹੋਣ ਕਿ ਫ਼ੁੱਲਾਂ ਦੇ
ਹਾਰਾਂ ਨੇ ਸੁਬ੍ਹਾ ਮੁਰਝਾ ਜਾਣਾ
ਜੋ ਰਾਤ ਮੁਨਾਸਬ ਹੁੰਦੇ ਨੇ
ਪ੍ਰਭਾਤ ਮੁਨਾਸਬ ਨਹੀਂ ਹੁੰਦੇ ।

—ਸਵ: ਤਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

https://archive.org/details/namdhari

AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

(SINGLE & DOUBLE BARRELS) 12-BORE GUNS

ALSO SALE & PURCHASES OF

INDIAN & IMPORTED (12-Bore Guns, Revolvers/Pistols N. P. Bore) Guns

Also Repairers of all Types of Guns



**Once Purchased Ever Purchased**

Best Quality of The Day is Our Motto

Contact Us With Full Confidence :

Hello : 533810

# Free India Gun Manufacturers

Prop : S. KARTAR SINGH (JAMMU-WALE)

6 Industrial Estate, Ashok Nagar,

Jammu Cantt.-3

Sister Concern :

M/s KARTAR SINGH

ARMS & AMMUNITION DEALERS





Sri Satguru Jagjit Singh Ji eLibrary NamdhariElibrary@gmail.com

https://archive.org/details/namdhari


Phone : 61040
Code : 01824

**For Fitting Diesel Engines in Foreign**
**&**
**Indian Car Bodies**



Specialists in :

**Mercedes Benz Car Repairing**

# Amarjit Motor Garage

G. T. ROAD, Opp. JALANDHAR OCTROI POST,
**PHAGWARA**




Sri Satguru Jagjit Singh Ji eLibrary NamdhariElibrary@gmail.com

https://archive.org/details/namdhari

*With best compliments from*

# YOUR
# CLOTH HOUSE

**Wholeseller & Retailor**

**Gents Wing :**
S.C.F. 1, Sector 20-C, Chandigarh.
Phone : 23363, 31199

**Ladies Wing :**
S.C.O. 6, Sector 20-C, Chandigarh.
Phone : 29849

**Rumal Sahib Wing :**
Booth No. 36, Sector 34-C, Chandigarh.

**Your Saree Centre :**
S.C.F. No. 1, Sector 20-C, Chandigarh.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

GOLD MEDAL WINNER

# JAYSON®

ELECTRIC MOTORS

FOR Agriculture, Domestic and Industrial Uses

(1982-1983)

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨ ਗੰਜ (ਬਿਹਾਰ)

# Namdhari Brothers

## DALTON GANJ

**(Bihar)**

Prop. :
S. AJIT SINGH NAMDHARI

*With best compliments from :*

# OsteR PARtNER

CARDIGANS • PULLOVERS

*Ante-date Knitters*

A quality product of
**UDEY Knitwears**
Manufacturers & Exporters
Street No.3 Jammu Colony, Nr. Preet Palace, Opp Atam Park, LUDHIANA-141 003
Phones: 405338, 36349, Fax:26070 ATTN. 24349



Sri Satguru Jagjit Singh Ji eLibrary NamdhariElibrary@gmail.com

GRAMS : MATHARU P. O. Box 64 Ph. 32527
Mfg. : Rice Bran Extraction Plant Accessories

## Matharu Engineering Works

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.
Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ

ਦਰਸ਼ਨ ਦਿਓ.

★
★

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 292994

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
**Makhan Singh Saggu**
**Narinder Singh Saggu**

## TECHNO INDUSTRIES
## ਟੈਕਨੋ ਇੰਡਸਟਰੀਜ਼

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144001.



Sri Satguru Jagjit Singh Ji eLibrary NamdhariElibrary@gmail.com

https://archive.org/details/namdhari


Wishing You

*Health, Happiness*

*&*

*Prosperity*

**Saluja's**

**SALUJA MOTORS**

(MARUTI Authorised Service Station)

140 & 143, Industrial Area—II

Ramdarbar, CHANDIGARH.

Phone : 603832, 604754

**SALUJA AUTOMOBILES**

(DCM TYOTA Dealers)

Workshop : C–43, Industrial Area,

Phase—III, MOHALI (Punjab)

Phone : 575231

H.O. : 140, Industrial Area,

Phase II, Chandigarh




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਪਰੈਲ-੧੯੯੫ ਜਿਲਦ-੨੦ ਅੰਕ—੬

ਤਤਕਰਾ


| | | |
|---|---|---|
| ਸੁਜਾਨ ਸਿੰਘ ਨੂੰ ਯਾਦ ਕਰਦਿਆਂ —ਵਰਿਆਮ ਸਿੰਘ ਸੰਧੂ | | ੯ |
| ਪਠਾਣ ਦੀ ਧੀ | —ਸੁਜਾਨ ਸਿੰਘ | ੧੧ |
| ਵਾਪਸੀ | —ਇੰਤਜ਼ਾਰ ਹੁਸੈਨ | ੧੫ |
| ਸ਼ਹੀਦ ਊਧਮ ਸਿੰਘ | —ਕਰਤਾਰ ਸਿੰਘ ਬਲੱਗਣ | ੧੮ |
| ਵਿਕਾਸ | —ਬਲਬੀਰ ਪਰਵਾਨਾ | ੨੦ |
| ਗੀਤ | —ਸ਼ਰਨ ਕਾਦਿਆਨੀ | ੨੦ |
| ਬਾਬਾ ਬੰਦਾ ਸਿੰਘ ਬਹਾਦਰ —ਕਰਨਲ ਗੁਲਚਰਨ ਸਿੰਘ | | ੨੧ |
| ਰਾਵੀ ਦਾ ਪੁਲ | —ਜਗਦੀਸ਼ ਸਿੰਘ | ੨੭ |
| ਪਿੰਡ ਦੀਆਂ ਯਾਦਾਂ | — ਗੁਰਦੇਵ ਸਿੰਘ ਹੰਜਰਾ | ੩੧ |
| ਖ਼ਬਰਨਾਮਾ | | ੩੩ |


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੫.੦੦ ,, |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੪੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ ,, |

# ਮੁੜ ਸਨੇਹੀਆਂ ਸੰਗ

ਰੋਗ ਨੂੰ ਲੁਕਾਉਣ ਦੀ ਬਜਾਏ ਕੋਠੇ ਚੜ੍ਹ ਕੇ ਉਸ ਦੀ ਦੁਹਾਈ ਪਾਈ ਜਾਵੇ ਤਾਂ ਉਸ ਦਾ ਲਾਭ ਹੁੰਦਾ ਹੈ। ਪਿਛਲੇ ਅੰਕ ਵਿਚ ਅਸੀਂ ਸਾਰੇ ਜ਼ਬਤ ਤੋੜ ਕੇ ਅਪਣੇ ਜੀਵਨ ਮੈਂਬਰਾਂ ਨੂੰ ਬੇਨਤੀ ਕੀਤੀ ਸੀ ਵਰਿਆਮ ਦੀ ਸਹਾਇਤਾ ਵਾਸਤੇ। ਸਾਡਾ ਮੰਤਵ ਇਹ ਹੀ ਸੀ ਕਿ ਜਿਹੜੇ ਜੀਵਨ ਮੈਂਬਰ ਸਾਥ ਨਿਭਾ ਚੁਕੇ ਹਨ ਜਾਂ ਜਿਥੇ ਪਰਚਾ ਬਗੈਰ ਲੋੜ ਤੋਂ ਹੀ ਜਾ ਰਿਹਾ ਹੈ ਉਹ ਪਰਚਾ ਲੋੜਵੰਦ ਥਾਵਾਂ ਤੇ ਭੇਜਿਆ ਜਾਵੇ। ਸਾਡੀ ਇਸ ਬੇਨਤੀ ਤੇ ਕੁਝ ਸਜਨ ਜਿਹੜੇ ਅਗੇ ਹੀ ਇਸ ਬਾਰੇ ਸੋਚਦੇ ਹਨ ਉਹਨਾਂ ਹੁੰਗਾਰਾ ਭਰਿਆ ਹੈ। ਸ਼ੁਰੂਆਤ ਨਾਗਪੁਰ ਤੋਂ ਸ. ਆਲਾ ਸਿੰਘ ਜੀ ਨੇ ਦੁਬਾਰਾ ਜੀਵਨ ਮੈਂਬਰੀ ਭੇਜਕੇ ਕੀਤੀ ਹੈ। ਬਹੁਤ ਸਾਰੇ ਸਜਨ ਸਾਨੂੰ ਉਡੀਕ ਰਹੇ ਹਨ। ਅਸੀਂ ਬੇਨਤੀ ਕੀਤੀ ਸੀ ਕਿ ਸਾਨੂੰ ਲਿਖਿਆ ਜਾਵੇ। ਜੇ ਰਕਮ ਨਾ ਵੀ ਭੇਜਣੀ ਹੋਵੇ ਤਾਂ ਘਟੋ ਘੱਟ ਲਿਖਿਆ ਜਾਵੇ ਕਿ ਪਰਚਾ ਪੁਜ ਰਿਹਾ ਹੈ ਅਤੇ ਅਗੋਂ ਜਾਰੀ ਰਖਿਆ ਜਾਵੇ। ਜੇ ਉਤਰ ਹੀ ਨਹੀਂ ਆਉਂਦਾ ਤਾਂ ਇਹ ਸਮਝਣਾ ਹੀ ਪਵੇਗਾ ਕਿ ਖਾਮੋਸ਼ ਧਿਰ ਵਲ ਖਾਮੋਸ਼ ਹੋਇਆ ਜਾਵੇ। ਅਸੀਂ ਮੁੜ ਕਹਿੰਦੇ ਹਾਂ ਕਿ ਪਰਚੇ ਦੀ ਪਹੁੰਚ ਬਾਰੇ ਸੂਚਨਾ ਜ਼ਰੂਰ ਭੇਜੀ ਜਾਵੇ। ਇਹ ਤਾਂ ਹਰ ਇਕ ਮੈਂਬਰ ਨੂੰ ਵੀ ਚਾਹੀਦਾ ਹੈ ਕਿ ਪਰਚੇ ਪੁਜਣ ਬਾਰੇ ਲਿਖਦਾ ਰਿਹਾ ਕਰੇ।

ਕਾਗਜ਼ ਦੀ ਮਹਿੰਗਾਈ ਵਿਰੁਧ ਦੇਸ਼ ਵਿਆਪੀ ਹੜਤਾਲ ਤਾਂ ਮੁਲਤਵੀ ਹੋ ਗਈ ਹੈ, ਪਰ ਇਸ ਦੇ ਨਾਲ ਕਾਗਜ਼ ਤਾਂ ਸਸਤਾ ਨਹੀਂ ਹੋਇਆ ਸਗੋਂ ਬਾਵਜੂਦ ਸਰਕਾਰੀ ਐਲਾਨਾਂ ਦੇ ਇਸ ਅੰਕ ਦਾ ਕਾਗਜ਼ ਆਪਣੀ ਵੀਹ ਸਾਲਾਂ ਜੀਵਨ ਵਿਚ ਸਭ ਤੋਂ ਵਧ ਮਹਿੰਗਾ ਮਿਲਿਆ ਹੈ। ਇਸ ਸੰਬੰਧ ਵਿਚ ਅਸੀਂ ਸਮੂਹ ਮੈਂਬਰਾਂ ਅਤੇ ਵਿਸ਼ੇਸ਼ ਕਰਕੇ ਇਸ਼ਤਿਹਾਰ ਦੇਣ ਵਾਲਿਆਂ ਮਿਹਰਬਾਨਾਂ ਨੂੰ ਕਹਾਂਗੇ ਕਿ ਮਹਿੰਗਾਈ ਦਾ ਖਿਆਲ ਜ਼ਰੂਰ ਕਰਨ।

ਅਸੀਂ ਮੁੜ ਪੁਰਾਣੇ ਜੀਵਨ ਮੈਂਬਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਸੂਚਨਾ ਜ਼ਰੂਰ ਭੇਜਣ ਤਾਂ ਕਿ ਪੁਰਾਣਾ ਸੰਪਰਕ ਬਣਿਆ ਰਹੇ। ਸਾਡਾ ਤੋੜ-ਵਿਛੋੜਾ ਕਰਨ ਨੂੰ ਜੀਅ ਨਹੀਂ ਕਰਦਾ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਕਾਮਰੇਡ ਹਵਾਲਦਾਰ

ਕਈ ਵਿਅਕਤੀ ਐਸੇ ਹੁੰਦੇ ਹਨ, ਜਿਨ੍ਹਾਂ ਦੀ ਮਸ਼ਹੂਰੀ ਉਸ ਪਿੱਛੇ ਖੜ੍ਹੀ ਸੰਸਥਾ ਕਰਕੇ ਹੁੰਦੀ ਹੈ ਪਰ ਕਈ ਐਸੇ ਹੁੰਦੇ ਹਨ, ਜਿਨ੍ਹਾਂ ਕਰਕੇ ਸੰਬੰਧਤ ਸੰਸਥਾ ਦੀ ਮਾਨਤਾ ਵਧਦੀ ਹੈ। ਦੂਸਰੀ ਕਿਸਮ ਦੇ ਲੋਕ ਬਹੁਤ ਘੱਟ ਮਿਲਦੇ ਹਨ। ਐਸੇ ਅਸਧਾਰਨ ਲੋਕਾਂ ਵਿਚੋਂ ਸਿਰਕੱਢ ਸਨ ਕਾਮਰੇਡ ਦਰਸ਼ਨ ਸਿੰਘ ਹਵਾਲਦਾਰ। ਕੀ ਰਿਕਸ਼ਾ ਚਲਾਉਣ ਵਾਲੇ, ਕੀ ਮਕਾਨਾਂ ਦੀ ਉਸਾਰੀ ਕਰਨ ਵਾਲੇ ਮਿਸਤਰੀ, ਕੀ ਸਕੂਲ ਕਾਲਜਾਂ ਦੇ ਵਿਦਿਆਰਥੀ ਤੇ ਪ੍ਰਿੰਸੀਪਲ, ਕੀ ਵੱਡੇ ਵੱਡੇ ਅਖ਼ਬਾਰ-ਨਵੀਸ, ਪੰਜਾਬੀ ਦੇ ਲੇਖਕ, ਕਾਂਗਰਸ, ਜਨਤਾ ਪਾਰਟੀ, ਅਕਾਲੀ ਤੇ ਕਮਿਊਨਿਸਟ ਪਾਰਟੀਆਂ ਦੇ ਕਾਰਕੁਨ ਸਭ ਅਕੀਦਤ ਦੀ ਨਜ਼ਰ ਨਾਲ ਵੇਖਦੇ ਸਨ ਕਾਮਰੇਡ ਹਵਾਲਦਾਰ ਸਾਹਿਬ ਨੂੰ।

ਜਵਾਨੀ ਦੇ ਦਿਨਾਂ ਵਿਚ ਅਣਵੰਡੇ ਪੰਜਾਬ ਦੀ ਪੁਲੀਸ ਵਿਚ ਦਰਸ਼ਨ ਸਿੰਘ ਜੀ ਹਵਾਲਦਾਰ ਸਨ। ਉਨ੍ਹਾਂ ਦੀ ਜ਼ਿੰਦਗੀ ਅਤੇ ਸੋਚ ਵਿਚ ਤਬਦੀਲੀ ਲਿਆਂਦੀ ਸਾਹਿਤ ਨੇ। ਜਿਨ੍ਹਾਂ ਦੀ ਅੱਜ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ— ਸ. ਗੁਰਬਖ਼ਸ਼ ਸਿੰਘ ਦੇ ਪ੍ਰੀਤਲੜੀ ਵਿਚ ਛਪਦੇ ਲੇਖਾਂ ਨੇ ਦਰਸ਼ਨ ਸਿੰਘ ਜੀ ਦੀ ਜੀਵਨ ਧਾਰਾ ਬਦਲੀ। ਉਹ ਕਮਿਊਨਿਸਟ ਪਾਰਟੀ ਨਾਲ ਜੁੜ ਗਏ ਅਤੇ ਅੰਤਮ ਸਵਾਸਾਂ ਤਕ ਜੁੜੇ ਰਹੇ। ਉਂਝ ਵਿਵਹਾਰ ਵਲੋਂ ਕਾਮਰੇਡ ਦਰਸ਼ਨ ਸਿੰਘ ਕਿਸੇ ਵੀ ਪਾਰਟੀ ਨਾਲ ਬੱਝੇ ਰਹਿਣ ਵਾਲੇ ਵਿਅਕਤੀ ਨਹੀਂ ਸਨ। ਉਨ੍ਹਾਂ ਦਾ ਜੀਵਨ ਪ੍ਰਸੰਗ ਬੜਾ ਲੰਬਾ ਅਤੇ ਦਿਲਚਸਪ ਹੈ।

ਪੰਜਾਬ ਦੇ ਇਤਿਹਾਸ ਵਿਚ ਉਹ ਕਾਲੇ ਦਿਨ ਵੀ ਆਏ ਜਦੋਂ ਬੰਦਾ ਬੰਦਾ ਨਾ ਰਿਹਾ। ਹਰ ਕੋਈ ਸਿੱਖ ਸੀ ਜਾਂ ਹਿੰਦੂ ਸੀ। ਏਸ ਪਾਸਿਓਂ ਡਰਦਾ ਜਾਂ ਓਸ ਪਾਸਿਓਂ। ਕਾਮਰੇਡ ਦਰਸ਼ਨ ਸਿੰਘ ਜਲੰਧਰ ਦੀ ਵਾਹਦ ਹਸਤੀ ਸੀ ਜੋ ਉਦੋਂ ਵੀ ਬੰਦਾ ਹੀ ਰਹੀ। ਕਿਹੜਾ ਸਿਵਾ ਹੈ ਜਿਥੇ ਉਹ ਆਪਣੀ ਜਾਨ ਜੋਖੋਂ ਵਿਚ ਪਾ ਕੇ ਨਾ ਗਏ ਹੋਣ। ਕਿਹੜੀ ਥਾਂ ਹੈ ਮੰਦਰ ਗੁਰਦੁਆਰਾ ਸਕੂਲ ਕਾਲਜ ਤੇ ਸਿਆਸੀ ਸਮਾਜੀ ਜਲਸੇ ਜਿਥੇ ਉਹ ਨਾ ਬੋਲੇ ਹੋਣ।

ਪੰਜਾਬੀ ਲੇਖਕ ਸਭਾ ਜਲੰਧਰ ਨਾਲ ਕਾਮਰੇਡ ਸਾਹਿਬ ਦਾ ਗੂੜ੍ਹਾ ਸੰਬੰਧ ਸੀ। ਉਹ ਬਹੁਤ ਸਾਰੇ ਪੰਜਾਬੀ ਦੇ ਪ੍ਰਸਿਧ ਲੀਡਰਾਂ ਨਾਲੋਂ ਜ਼ਿਆਦਾ ਪੜ੍ਹਦੇ ਤੇ ਗੋਸ਼ਟੀਆਂ ਵਿਚ ਬੋਲਦੇ ਅਤੇ ਆਪਣੀ ਰਾਏ ਪ੍ਰਸਿਧ ਰਸਾਲਿਆਂ ਨੂੰ ਭੇਜਦੇ। ਸਾਦਾ ਸ਼ਬਦਾਵਲੀ ਵਿਚ ਲਿਖੇ ਹਵਾਲਦਾਰ ਜੀ ਦੇ ਲੇਖ ਧੁਰ ਆਤਮਾ ਨੂੰ ਛੂਹੰਦੇ। ਹਰ ਘਰ ਵਿਚ ਕਾਮਰੇਡ ਸਾਹਿਬ ਦੀ ਜ਼ਾਤੀ ਪਹੁੰਚ ਸੀ ਅਤੇ ਹਰ ਘਰ ਨੇ ਉਹਨਾਂ ਦੇ ਵਿਛੋੜੇ ਨੂੰ ਮਹਿਸੂਸ ਕੀਤਾ ਹੈ। ਉਹ ਕਮਿਊਨਿਸਟ ਪਾਰਟੀ ਦੇ ਬਹੁਤ ਵਡੇ ਪੱਧਰ ਦੇ ਅਹੁਦੇ-ਦਾਰ ਨਹੀਂ ਸਨ ਪਰ ਉਹਨਾਂ ਇਕੱਲਿਆਂ ਨੇ ਹੀ ਪਾਰਟੀ ਨੂੰ ਜਾਂ ਨਵਾਂ ਜ਼ਮਾਨਾ ਅਖ਼ਬਾਰ ਨੂੰ ਫੰਡਾਂ ਦੀ ਤੋਟ ਨਾ ਆਉਣ ਦਿਤੀ। ਹਿੰਦ ਰੂਸ ਦੋਸਤੀ ਸੰਸਥਾ ਵਿਚ ਉਹ ਸਰਗਰਮ ਰਹੇ ਉਹਨਾਂ ਰੂਸ ਦੀ ਯਾਤਰਾ ਵੀ ਕੀਤੀ। ਉਹ ਅਮੀਰ ਲੋਕਾਂ ਦੇ ਬੋਝਿਆਂ ਚੋਂ ਮਾਇਆ ਕਢਵਾ ਲੈਂਦੇ ਤੇ ਜਨਤਕ ਸੰਸ-ਥਾਵਾਂ 'ਚ ਵੰਡ ਦਿੰਦੇ। ਇਥੇ ਤਾਂ ਉਹ ਕਮਾਲ ਹੀ ਕਰ ਦਿੰਦੇ। ਇਹ ਕੁਝ ਉਹ ਸ਼ਬਦਾਂ ਦੀ ਹੇਰਾ ਫੇਰੀ ਨਾਲ ਨਾ ਕਰਦੇ ਸਗੋਂ ਅਮਲ ਦੁਆਰਾ ਪੱਕੀ ਪੀਡੀ ਸਤਿਕਾਰੀ ਸ਼ਖ਼ਸੀਅਤ ਨਾਲ ਕਰਦੇ।

ਸੰਪਾਦਕ ਵਰਿਆਮ ਨਾਲ ਉਹਨਾਂ ਦਾ ਬਹੁਤ ਗੂੜ੍ਹਾ ਸੰਬੰਧ ਸੀ। ਇਹ ਵਰਿਆਮ ਕਰਕੇ ਵੀ ਸੀ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਕਰਕੇ ਵੀ। ਉਹ ਅਕਸਰ ਆਪਣੀ ਤਕਰੀਰ ਵਿਚ ਇਹ ਜ਼ਿਕਰ ਕਰਦੇ ਹੁੰਦੇ ਸਨ ਕਿ ਮੈਂ ਬਹੁਤ ਬੀਮਾਰ ਸਾਂ ਇਕ ਮੀਟਿੰਗ ਵਿਚ ਵਰਿਆਮ ਹੋਰਾਂ ਨੇ ਲੇਖਕਾਂ ਵਲੋਂ ਅਰਦਾਸ ਕੀਤੀ ਤੇ ਮੈਂ ਨੌ ਬਰ ਨੌ ਹੋ ਗਿਆ। ਉਹਨਾਂ ਦੇ ਇਸ ਕਥਨ ਨਾਲ ਸਾਨੂੰ ਕਦੀ ਅਭਿਮਾਨ ਤਾਂ ਨਹੀਂ ਹੋਇਆ ਪਰ ਸਾਡਾ ਜਤਨ ਇਹ ਰਿਹਾ ਕਿ ਐਸੇ ਦਰਵੇਸ਼ ਦਿਲ ਵਾਲੇ ਬੰਦੇ ਦੀਆਂ ਆਸਾਂ ਤੇ ਅਸੀਂ ਪੂਰੇ ਉਤਰਦੇ ਰਹੀਏ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਜੇਹੀ ਉਚੀ ਸੁੱਚੀ ਸੰਸਥਾ ਦੇ ਵੀ ਸਨਮਾਨਤ ਮੈਂਬਰ ਸਨ ਅਤੇ ਦੇਸ਼ ਭਗਤ ਯਾਦਗਾਰ ਹਾਲ ਵਿਚ ੭ ਮਈ ਨੂੰ ਹੋਏ ਸਾਂਝੇ ਸਮਾਗਮ ਵਿਚ ਜਿਵੇਂ ਵਖ ਵਖ ਵਿਚਾਰਧਾਰਾਵਾਂ ਦੇ ਲੋਕ, ਮੁਖ ਮੰਤਰੀ ਪੰਜਾਬ ਅਤੇ ਉਚ ਸਿਆਸੀ ਲੀਡਰਾਂ ਸਾਹਿਤ ਪੁਜੇ ਇਹ ਇਸ ਗਲ ਦੀ ਨਿਸ਼ਾਨਦੇਹੀ ਸੀ ਕਿ ਕਾਮਰੇਡ ਦਰਸ਼ਨ ਸਿੰਘ ਹਵਾਲਦਾਰ ਦਾ ਘੇਰਾ ਕਿੱਡਾ ਖੁੱਲਾ ਸੀ।

ਕਾਮਰੇਡ ਦਰਸ਼ਨ ਸਿੰਘ ਹਵਾਲਦਾਰ ਦੇ ਤੁਰ ਜਾਣ ਨਾਲ ਪਿਆ ਖਲਾਅ ਜਲੰਧਰ ਵਿਚ ਹੀ ਨਹੀਂ ਬਹੁਤ ਦੂਰ ਤਕ ਮਹਿਸੂਸ ਕੀਤਾ ਜਾ ਰਿਹਾ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸੁਜਾਨ ਸਿੰਘ ਨੂੰ ਯਾਦ ਕਰਦਿਆਂ

—ਵਰਿਆਮ ਸਿੰਘ ਸੰਧੂ

ਆਧੁਨਿਕ ਪੰਜਾਬੀ ਕਹਾਣੀ ਦੇ ਚਾਰ ਮੋਢੀਆਂ ਵਿਚੋਂ ਸੰਤ ਸਿੰਘ ਸੇਖੋਂ ਆਪਣੇ ਤੋਂ ਬਿਨਾਂ ਜਿੰਨ੍ਹਾਂ ਤਿੰਨ ਹੋਰ ਲੇਖਕਾਂ ਦਾ ਜ਼ਿਕਰ ਕਰਦਾ ਹੈ, ਉਹ ਹਨ : ਸੁਜਾਨ ਸਿੰਘ, ਕਰਤਾਰ ਸਿੰਘ ਦੁਗਲ ਤੇ ਪ੍ਰੋ: ਮੋਹਨ ਸਿੰਘ। ਇਹਨਾਂ ਸਾਰਿਆਂ ਦੇ ਕਹਾਣੀ-ਸੰਗ੍ਰਹਿ ਥੋੜ੍ਹੇ, ਥੋੜ੍ਹੇ ਵਕਫੇ ਪਿਛੋਂ ਛਪੇ ਤੇ ਇਹਨਾਂ ਨੇ ਨਿੱਕੀ ਕਹਾਣੀ ਦੇ ਨਕਸ਼ ਡੋਲਣ ਸਵਾਰਨ ਵਿਚ ਮੁਢਲਾ ਤੇ ਮਹੱਤਵਪੂਰਨ ਯੋਗਦਾਨ ਪਾਇਆ। ਪ੍ਰੋ: ਮੋਹਨ ਸਿੰਘ ਪਿਛੋਂ ਕਵਿਤਾ ਦੇ ਖੇਤਰ ਵਿਚ ਨਾਂ ਬਣਾ ਗਿਆ ਤੇ ਉਸ ਨੇ ਕਹਾਣੀ ਲਿਖਣੀ ਛੱਡ ਦਿਤੀ। ਸੰਤ ਸਿੰਘ ਸੇਖੋਂ ਬਹੁ ਪੱਖੀ ਲੇਖਕ ਹੈ। ਕਰਤਾਰ ਸਿੰਘ ਦੁੱਗਲ ਨੇ ਵੀ ਕਹਾਣੀਆਂ ਤੋਂ ਬਿਨਾਂ ਕਵਿਤਾ, ਨਾਵਲ ਤੇ ਨਾਟਕ ਲਿਖੇ। ਕੇਵਲ ਸੁਜਾਨ ਸਿੰਘ ਹੀ ਅਜਿਹਾ ਲੇਖਕ ਹੈ ਜਿਸਨੇ ਕੁਝ ਫੁਟਕਲ ਲੇਖਾਂ ਦੀਆਂ ਪੁਸਤਕਾਂ ਤੋਂ ਬਿਨਾਂ ਨਿਰੋਲ ਕਹਾਣੀ ਲਿਖਣ ਉਤੇ ਟੇਕ ਰਖੀ। ਉਸਦੇ ਸਮੁਚੇ ਕਹਾਣੀ ਸੰਗ੍ਰਹਿ 'ਸਾਰੇ ਪੱਤੇ' ਨਾਂ ਦੀ ਵੱਡ-ਆਕਾਰੀ ਪੁਸਤਕ ਵਿਚ ਸ਼ਾਮਲ ਹਨ।

ਬਤੌਰ ਇਨਸਾਨ ਸੁਜਾਨ ਸਿੰਘ ਬਹੁਤ ਸਿਰੜੀ, ਸਬਰ ਵਾਲਾ, ਈਮਾਨਦਾਰ ਤੇ ਨਿਹਾਇਤ ਖ਼ੂਬਸੂਰਤ ਸ਼ਖਸੀਅਤ ਦਾ ਸੁਆਮੀ ਸੀ। ਨਾ ਕੋਈ ਆਕੜ ਮਿਜ਼ਾਜ, ਨਾਂ ਵਿਦਵਤਾ ਦਾ ਵਿਖਾਲਾ। ਨਵੀਂ ਪੀੜ੍ਹੀ ਦੇ ਲੇਖਕਾਂ ਨੂੰ ਉਸ ਕੋਲੋਂ ਸਦਾ 'ਸਾਹਿਤਕ-ਬਾਪ' ਵਰਗਾ ਨਿੱਘ ਤੇ ਪਿਆਰ ਮਿਲਦਾ ਰਿਹਾ। ਜੀਵਨ ਭਰ ਉਸ ਨੇ ਗਰੀਬੀ ਵਿਚ ਕੱਟੀ ਪਰ ਆਤਮਿਕ ਪੱਖੋਂ ਜਿੰਨੀ ਅਮੀਰੀ ਉਸ ਵਿਚ ਸੀ, ਉਹ ਸ਼ਾਇਦ ਹੀ ਉਸਦੇ ਕਿਸੇ ਸਮਕਾਲੀ ਵਿਚ ਹੋਵੇ। ਉਹ ਜੀਵਨ ਦੇ ਅੰਤਲੇ ਸਾਹਾਂ ਤਕ ਉਸਾਰੂ ਜੀਵਨ ਮੁੱਲਾਂ ਲਈ ਸੰਘਰਸ਼ਸ਼ੀਲ ਰਿਹਾ। ਜਮਾਤ ਰਹਿਤ ਸਮਾਜ ਦਾ, ਰਾਜ ਦਾ ਉਸ ਦਾ ਸੁਪਨਾ ਉਸਦੇ ਅੰਤਲੇ ਸਾਲਾਂ ਵਿਚ ਤਿੜਕ ਗਿਆ। 'ਮਹਾਨ' ਸੋਵੀਅਤ ਯੂਨੀਅਨ ਬਿਖਰ ਗਿਆ। ਆਪਣੇ ਹੀ ਭਾਰ ਨਾਲ ਢਹਿ ਗਿਆ। ਪਰ ਇਸ ਨਾਲ ਸੁਜਾਨ ਸਿੰਘ ਦੀਆਂ ਰਚਨਾਵਾਂ ਦਾ ਮਹੱਤਵ ਨਹੀਂ ਘਟ ਜਾਂਦਾ। ਕਿਉਂਕਿ ਇਹ ਮਨੁਖੀ ਫਿਤਰਤ ਹੈ ਨਵੇਂ ਸੁਪਨੇ ਸੰਜੋਣਾ, ਢੱਠੇ ਘਰਾਂ ਨੂੰ ਮੁੜ ਉਸਾਰਨਾ, ਡਿਗ ਕੇ ਫਿਰ ਉਠਣਾ। ਇਸ ਲਈ ਅੱਜ ਫਿਰ ਲੋੜ ਹੈ ਸੁਜਾਨ ਸਿੰਘ ਦੇ ਦ੍ਰਿਸ਼ਟੀਕੋਨ ਦੀ ਚਰਚਾ ਕਰਨ ਦੀ। ਅਜੋਕੇ ਪੰਜਾਬੀ ਸਾਹਿਤ ਦੇ ਹਵਾਲੇ ਨਾਲ ਇਸ ਦੀ ਪ੍ਰਸੰਗਿਕਤਾ ਤੇ ਟਿੱਪਣੀ ਕਰਨ ਦੀ।

ਸਭ ਜਾਣਦੇ ਹਨ ਕਿ ਸੁਜਾਨ ਸਿੰਘ ਆਰਥਿਕ ਤੌਰ ਤੇ ਲਿਤਾੜੇ, ਦਲੇ-ਮਲੇ ਲੋਕਾਂ ਦੇ ਦੁਖਾਂ ਦਰਦਾਂ ਦੀ ਲਗਾਤਾਰ ਬਾਤ ਪਾਉਣ ਵਾਲਾ ਪਹਿਲਾ ਪੰਜਾਬੀ ਕਹਾਣੀਕਾਰ ਸੀ। ਉਹ ਉਹਨਾਂ ਦੇ ਜੀਵਨ ਵਿਚ 'ਹਾਂ ਮੁਖ' ਤਬਦੀਲੀ ਵੇਖਣੀ ਲੋੜਦਾ ਸੀ ਤੇ ਸਾਹਿਤ ਨੂੰ ਇਸ ਤਬਦੀਲੀ ਲਈ ਹਥਿਆਰ ਦੇ ਤੌਰ ਤੇ ਵਰਤਦਾ ਸੀ। ਅਜਿਹੇ ਲੋਕਾਂ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਦੀ ਵਿਸ਼ਾ ਸਾਮੱਗਰੀ ਬਨਾਉਣ ਦਾ ਬੁਨਿਆਦੀ ਕਾਰਨ ਤਾਂ ਉਸ ਦੇ ਆਪਣੇ ਜੀਵਨ ਸਮਾਚਾਰ ਸਨ। ਉਹ ਖ਼ੁਦ ਉਹਨਾਂ ਸ਼ਰੇਣੀਆਂ ਵਿਚ ਸੀ ਤੇ ਉਹਨਾਂ ਦੇ ਦਰਦ ਦਾ ਉਸਨੂੰ ਨਿਕਟ ਤੇ ਪ੍ਰਮਾਣਿਕ ਅਨੁਭਵ ਸੀ। ਇਸ ਅਨੁਭਵ ਦੀ ਪੇਸ਼ਕਾਰੀ ਲਈ ਸ਼ਿਦਤ ਮੁਹਈਆ ਕੀਤੀ ਉਸ ਦੀ ਆਪਣੀ ਆਰਥਿਕ ਤੰਗਦਸਤੀ ਨੇ ਅਤੇ ਉਸ ਸਮੇਂ ਦੇ ਰਾਜਸੀ ਮਾਹੌਲ ਵਿਚ ਮਾਰਕਸਵਾਦੀ ਸੋਚ ਦੀ ਚੜ੍ਹਤ ਨੇ। ਸਾਹਿਤਕ ਖੇਤਰ ਵਿਚ ਪ੍ਰਗਤੀਵਾਦ ਦੇ ਉਭਾਰ ਨੇ ਸੁਜਾਨ ਸਿੰਘ ਦੀ ਲਿਖਤ ਨੂੰ ਹੋਰ ਗੂੜੇ ਲਾਲ ਰੰਗ ਵਿਚ ਰੰਗਿਆ। ਇਸ ਸਦਕਾ ਹੀ ਉਸ ਉਤੇ ਇਹ ਆਰੋਪ ਵੀ ਲੱਗਣਾ ਸ਼ੁਰੂ ਹੋ ਗਿਆ ਕਿ ਉਹ ਆਪਣੀਆਂ ਕਹਾਣੀਆਂ ਵਿਚ ਪਰਚਾਰ ਕਰਦਾ ਹੈ। ਫਾਰਮੂਲਾ ਕਹਾਣੀਆਂ ਲਿਖਦਾ ਹੈ। 'ਪਰਚਾਰ' ਦੇ ਦੋਸ਼ ਨੂੰ ਸੁਜਾਨ ਸਿੰਘ ਨੇ ਖਿੜੇ ਮੱਥੇ ਕਬੂਲਿਆ ਤੇ ਇਸੇ ਨੂੰ ਆਪਣੀ ਵਿਲੱਖਣਤਾ ਵੀ ਦਸਿਆ।

ਸੁਜਾਨ ਸਿੰਘ 'ਤੇ ਪਰਚਾਰਵਾਦੀ ਹੋਣ ਦਾ ਦੋਸ਼ ਲਾਉਣ ਵਾਲੇ ਕੁਝ ਵਧੇਰੇ 'ਕਲਾਵਾਦੀ' ਵੀ ਸਨ। ਪੰਜਾਬੀ ਸਾਹਿਤ ਆਪਣੇ ਮੁੱਢ ਤੋਂ ਹੀ ਦੁਖੀਆਂ, ਕੰਮੀਆਂ ਤੇ ਨੀਵਿਆਂ ਨਾਲ ਸਾਂਝ ਪਾ ਕੇ ਚਲਦਾ ਆਇਆ ਹੈ ਤੇ ਇਹੋ ਕਾਰਨ ਹੈ ਕਿ ਪੰਜਾਬੀ ਵਿਚ ਨਿਰੋਲ 'ਕਲਾਵਾਦੀ' ਸੁਰ ਕਦੀ ਵੀ ਪ੍ਰਮੁਖ ਨਹੀਂ ਹੋ ਸਕੀ। 'ਕਲਾ ਕਲਾ ਲਈ' ਦਾ ਨਾਅਰਾ ਲਾਉਣ ਵਾਲਾ ਕਰਤਾਰ ਸਿੰਘ ਦੁੱਗਲ ਵੀ ਆਪਣੀਆਂ



Sri Satguru Jagjit Singh Ji eLibrary NamdhariElibrary@gmail.com

ਰਚਨਾਵਾਂ ਵਿਚ ਕਲਾ ਦੇ ਸਮਾਜਿਕ ਮਹੱਤਵ ਤੋਂ ਬਹੁਤੀ ਦੇਰ ਨਿਰਲੇਪ ਨਾ ਰਹਿ ਸਕਿਆ। ਪਰ 'ਸਮਾਜ' ਤੇ ਜੀਵਨ ਦੀ ਪੇਸ਼ਕਾਰੀ ਦੇ ਨਾਂ ਤੇ ਰਚਨਾਵਾਂ ਵਿਚ ਸ਼ੋਰ ਪਾਉਣਾ ਸਾਹਿਤਕਾਰੀ ਨਹੀਂ। ਇਸ ਪਖੋਂ ਸੁਜਾਨ ਸਿੰਘ ਦੀਆਂ ਕੁਝ ਰਚਨਾਵਾਂ ਵੀ ਬਰੀ ਨਹੀਂ-ਪਰ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਸੁਜਾਨ ਸਿੰਘ ਨੇ ਪੰਜਾਬੀ ਕਹਾਣੀ ਨੂੰ ਅਜਿਹੀਆਂ ਕਲਾਤਮਕ ਤੇ ਯਾਦਗਾਰੀ ਕਹਾਣੀਆਂ ਦਿਤੀਆਂ ਜੋ ਨਵੇਂ ਲੇਖਕਾਂ/ਪਾਠਕਾਂ ਨੂੰ ਅੱਜ ਵੀ ਪ੍ਰੇਰਨਾ ਦਿੰਦੀਆਂ ਹਨ ਤੇ ਉਹਨਾਂ ਦੀ ਸਾਹਿਤਕ ਤੇ ਕਲਾਤਮਕ ਭੁਖ ਨੂੰ ਤ੍ਰਿਪਤ ਕਰਦੀਆਂ ਹਨ। ਉਸਦੀਆਂ ਅਜਿਹੀਆਂ ਕਹਾਣੀਆਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਉਚੇ ਮੀਲ ਪੱਥਰ ਵਾਂਗ ਹਨ।

ਪਰ ਸੁਜਾਨ ਸਿੰਘ ਦੀ ਗੱਲ ਕਰਦਿਆਂ ਮੈਂ ਅੱਜ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਜੋ ਗੱਲ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ—ਉਹ ਹੈ ਕੁਝ ਹਲਕਿਆਂ ਵਲੋਂ ਇਸ ਗੱਲ ਦਾ ਲਗਾਤਾਰ ਪਰਚਾਰਿਆ ਜਾਣਾ ਕਿ ਪ੍ਰਗਤੀਵਾਦ ਨੇ, ਪੰਜਾਬੀ ਕਹਾਣੀ ਦਾ ਹੀ ਨਹੀਂ ਸਮੁਚੇ ਪੰਜਾਬੀ ਸਾਹਿਤ ਦਾ ਬਹੁਤ ਨੁਕਸਾਨ ਕੀਤਾ ਹੈ। ਅਸੀਂ ਸਾਹਿਤ ਵਿਚ ਨਿਰੋਲ ਪਰਚਾਰ ਦੇ ਹਾਮੀ ਨਹੀਂ। ਜਿੰਨਾ ਚਿਰ ਕੋਈ ਪਰਚਾਰ ਕਲਾਤਮਕ ਤੇ ਸਾਹਿਤਕ ਰੂਪ ਵਿਚ ਪੇਸ਼ ਨਹੀਂ ਹੁੰਦਾ, ਉਹ ਸਾਹਿਤ ਦੇ ਖੇਤਰ ਦੀ ਚੀਜ਼ ਨਹੀਂ ਬਣ ਸਕਦਾ। ਸਾਹਿਤਕ ਵਿਧਾ ਦੇ ਰੂਪ ਵਿਚ ਢਲ ਕੇ ਹੀ ਕੋਈ ਵਿਚਾਰ ਸਾਹਿਤਕ ਮਹੱਤਵ ਦਾ ਧਾਰਨੀ ਬਣ ਸਕਦਾ ਹੈ। ਪਰ ਅੱਜ ਚਿੰਤਾ ਦੀ ਗੱਲ ਇਹ ਹੈ ਕਿ ਉਪਰੋਕਤ ਹਲਕੇ, ਸਮਾਜ ਦਾ, ਸ਼੍ਰੇਣਿਕ ਜੀਵਨ ਦਾ, ਸਮਾਜਿਕ, ਸਭਿਆਚਾਰਕ ਤੇ ਰਾਜਸੀ ਦਬਾਵਾਂ ਅਧੀਨ ਬਦਲ ਰਹੇ ਮਨੁਖ ਦੇ ਜੀਵਨ ਸਰੋਕਾਰਾਂ ਦੇ ਚਿਤ੍ਰਣ ਦਾ ਵਿਰੋਧ ਮਹਿਜ਼ ਇਸ ਲਈ ਕਰਦੇ ਨਜ਼ਰ ਆਉਂਦੇ ਹਨ ਕਿ ਇੰਝ ਕੀਤਿਆਂ ਰਚਨਾ ਨਿਰੋਲ 'ਬਾਹਰਮੁਖੀ' ਹੋ ਜਾਂਦੀ ਹੈ ਤੇ ਉਸ ਵਿਚੋਂ ਕਿਸੇ ਨਾ ਕਿਸੇ ਤਰ੍ਹਾਂ ਦੀ ਆਉਂਦੀ 'ਪਰਚਾਰਤਮਕ ਬੋਅ' ਉਹਨਾਂ ਨੂੰ ਬਹੁਤ ਤੰਗ ਕਰਦੀ ਹੈ। ਇਹ ਸਾਰਾ ਕੁਝ ਉਹਨਾਂ ਨੂੰ ਪੁਰਾਣਾ ਅਤੇ ਬਾਸੀ ਹੋ ਚੁਕਾ ਨਜ਼ਰ ਆਉਂਦਾ ਹੈ ਤੇ ਨਵੀਨਤਾ ਦੇ ਨਾਂ ਤੇ ਉਹ ਮਨੁੱਖੀ ਮਨ ਦੀਆਂ ਧੁਰ ਡੂੰਘਾਣਾਂ ਤਕ ਪਹੁੰਚਕੇ ਉਸਦਾ ਵਿਸ਼ਲੇਸ਼ਣ ਕਰਨਾ ਕਲਾਕਾਰੀ ਸਮਝਦੇ ਹਨ। ਨਿਰਸੰਦੇਹ ਮਨੁਖੀ ਮਨ ਦੀਆਂ ਡੂੰਘੀਆਂ ਪਰਤਾਂ ਫਰੋਲਣਾ ਸਾਹਿਤਕ ਕਾਰੀਗਰੀ ਦਾ ਕਮਾਲ ਹੈ ਤੇ ਚੰਗੇ ਸਾਹਿਤਕਾਰ ਲਈ ਇਹ ਬਹੁਤ ਜ਼ਰੂਰੀ ਵੀ ਹੈ। ਪਰ ਮਨੁੱਖੀ ਮਨ ਕੋਈ ਇਕੱਲਾ-ਕਾਰ੍ਹਾ ਅਜਿਹਾ ਟਾਪੂ ਨਹੀਂ ਜੋ ਬਾਹਰੀ ਜੀਵਨ ਨਾਲੋਂ ਬਿਲਕੁਲ ਤਰੁੰਡਿਆਂ ਵਿਛੁੰਨਿਆ ਹੋਵੇ। ਜ਼ਰੂਰੀ ਹੈ ਸਾਹਿਤਕਾਰ ਬਾਹਰਲੇ ਜੀਵਨ ਤੇ ਮਨੁੱਖੀ ਅੰਦਰਲੇ ਨੂੰ ਇਕ ਸੰਤੁਲਨ ਵਿਚ ਬੰਨ੍ਹ ਕੇ ਪੇਸ਼ ਕਰੇ। ਕਈ ਵਾਰ ਰਚਨਾ ਵਿਚ ਪੇਸ਼ ਵਸਤੂ ਦੀਆਂ ਲੋੜਾਂ ਅਨੁਸਾਰ ਲੇਖਕ ਨੂੰ 'ਬਾਹਰਲੇ' ਪਾਸੇ ਵਧੇਰੇ ਝੁਕਣਾ ਪੈਂਦਾ ਹੈ 'ਅੰਦਰ' ਵਲ ਘੱਟ ਤੇ ਕਈ ਵਾਰ 'ਅੰਦਰ' ਵਲ ਵਧੇਰੇ ਤੇ 'ਬਾਹਰ' ਵਲ ਘੱਟ। ਪਰ ਅਜਿਹੀਆਂ ਲਿਖਤਾਂ ਵੀ ਉੱਤਮ ਦਰਜੇ ਦੀਆਂ ਕਿਰਤਾਂ ਹੋ ਸਕਦੀਆਂ ਹਨ। 'ਅੰਦਰ ਵੱਲ' ਵਧੇਰੇ ਝੁਕਣ ਦਾ ਯਤਨ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਵਿਚ ਕੀਤਾ ਹੈ ਤੇ ਉਹ ਇਸ ਵਿਚ ਸਫਲ ਵੀ ਹੋਇਆ ਹੈ। ਪਰ ਅੱਜ ਕਲ੍ਹ ਪ੍ਰੇਮ ਪ੍ਰਕਾਸ਼ ਵਲੋਂ ਆਪਣੇ ਪਰਚੇ 'ਲਕੀਰ' ਰਾਹੀਂ 'ਪ੍ਰਗਤੀਵਾਦ' ਤੋਂ ਮੁਕੰਮਲ ਵਿਦਰੋਹ ਕਰਨ ਲਈ ਤੇ ਪੰਜਾਬੀ ਕਹਾਣੀ ਦੀ ਨਵੀਨਤਾ ਨੂੰ ਨਿਰੋਲ 'ਲਿੰਗ-ਸੰਬੰਧਾਂ' ਤਕ ਘਟਾ ਕੇ ਪੇਸ਼ ਕਰਨ ਲਈ ਪੰਜਾਬੀ ਦੇ ਨਵੇਂ ਕਹਾਣੀਕਾਰਾਂ ਨੂੰ ਉਕਸਾਇਆ ਜਾ ਰਿਹਾ ਹੈ। ਔਰਤ-ਮਰਦ ਸੰਬੰਧਾਂ ਜਾਂ ਕਾਮ ਤੇ ਪ੍ਰੇਮ-ਸੰਬੰਧਾਂ ਦਾ ਜ਼ਿਕਰ ਸਾਹਿਤ ਵਿਚ ਵਰਜਿਤ ਨਹੀਂ। ਇਹ ਵੀ ਜੀਵਨ ਦਾ ਮਹੱਤਵਪੂਰਨ ਪਹਿਲੂ ਹੈ ਤੇ ਇਸ ਦੀ ਪੇਸ਼ਕਾਰੀ ਵੀ ਜ਼ਰੂਰੀ ਹੈ, ਪਰ ਸਾਡੇ ਕਥਾਕਾਰ, ਪ੍ਰੇਮ ਪ੍ਰਕਾਸ਼ ਦੇ 'ਚੁੱਕੇ-ਚੁਕਾਏ' ਹਰ ਕਿਸਮ ਦਾ ਗੰਦ ਘੋਲਣ ਵਾਲਾ ਲਿੰਗ-ਜ਼ਿਕਰ ਕਰਨ ਨੂੰ ਹੀ ਨਵੀਨਤਾ ਸਮਝਕੇ ਦੂਜੇ ਉਲਾਰ ਦਾ ਸ਼ਿਕਾਰ ਹੋ ਰਹੇ ਹਨ। ਬਿਲਕੁਲ ਉਵੇਂ, ਜਿਵੇਂ ਪ੍ਰਗਤੀਵਾਦ ਦੇ ਨਾਂ ਹੇਠਾਂ ਨਿਰੋਲ 'ਨਾਅਰਾਵਾਦੀ' ਲਿਖਤਾਂ ਲਿਖਣਾ ਪਹਿਲੀ ਕਿਸਮ ਦਾ ਉਲਾਰ ਸੀ। ਸਾਡੇ ਨਵੇਂ ਕਥਾਕਾਰਾਂ ਨੂੰ ਇਸ ਉਲਾਰ ਤੋਂ ਬਚਣ ਦੀ ਲੋੜ ਹੈ।

ਸੁਜਾਨ ਸਿੰਘ ਦੀਆਂ ਕੁਝ ਕਹਾਣੀਆਂ ਵਿਚ ਬੇਸ਼ੱਕ ਪ੍ਰਗਤੀਵਾਦੀ ਉਲਾਰ ਸੀ, ਪਰ 'ਰਾਸ ਲੀਲ੍ਹਾ', 'ਟੱਕਰ' ਅਤੇ 'ਪਠਾਣ ਦੀ ਧੀ' ਵਰਗੀਆਂ ਅਨੇਕਾਂ ਹੋਰ ਕਹਾਣੀਆਂ ਨਾਲ ਉਸਨੇ ਆਪਣੀ ਕਲਾਕਾਰੀ ਦੇ ਜਲੌਅ ਦੇ ਦੀਦਾਰ ਕਰਵਾਏ।

'ਪਠਾਣ ਦੀ ਧੀ' ਕਹਾਣੀ ਵਿਚ ਸਰਦਾਰ ਦੀ ਹੀਣ ਆਰਥਿਕ ਸਥਿਤੀ, ਉਹਦੇ ਪਰਿਵਾਰ ਤੇ ਬੱਚਿਆਂ ਦੀ ਦੁਰਦਸ਼ਾ ਦਾ ਇਕ ਬੁਨਿਆਦੀ ਕਾਰਨ ਹੈ, ਪਰ ਸੁਜਾਨ ਸਿੰਘ ਦੀ ਮਨੋਵਿਗਿਆਨਕ ਸੂਝ ਇਸ ਸਭ ਕੁਝ ਨੂੰ ਨਿਰੋਲ ਆਰਥਿਕ ਮਸਲੇ ਤਕ ਘਟਾ ਕੇ ਨਹੀਂ ਵੇਖਦੀ। ਛੋਟੀ ਬੱਚੀ ਲੇਖਕ ਹੀ ਜਾਣ ਸਕਦਾ ਹੈ। ਤੇ ਇਹ ਵੀ ਮਨੁਖੀ ਮਨ



Sri Satguru Jagjit Singh Ji eLibrary NamdhariElibrary@gmail.com

ਦੇ ਅਣਗੌਲੇ ਰਹਿ ਜਾਣ ਨੂੰ ਉਹ ਮਨੋਵਿਗਿਆਨਕ ਨੁਕਤੇ ਤੋਂ ਸਮਝਦਾ ਹੋਇਆ ਇਸ ਦੀ ਨਿਸ਼ਾਨ-ਦੇਹੀ ਕੁੜੀ ਵੱਲ ਮਾਪਿਆਂ ਤੇ ਭੈਣ-ਭਰਾਵਾਂ ਦੇ ਬੇਰੁਖੀ ਭਰੇ ਵਤੀਰੇ ਵਿਚੋਂ ਕਰਦਾ ਹੈ। ਦੂਜੇ ਪਾਸੇ ਪਠਾਣ ਭਾਵੇਂ 'ਕੱਲਾ ਰਹਿਣ ਹੋ ਰਿਹਾ ਹੈ', ਪਰ ਉਸ ਦੀ ਇਹ ਇਕੱਲ ਹੀ ਉਸਨੂੰ ਬੱਚਿਆਂ ਵਲ ਆਕਰਸ਼ਿਤ ਕਰਦੀ ਹੈ। ਉਸ ਡਰਾਉਣੇ ਸਮਝੇ ਜਾਂਦੇ ਪਠਾਣ ਅੰਦਰਲਾ ਮਾਸੂਮ ਦਿਲ ਛੋਟੀ ਕੁੜੀ ਨਾਲ ਹੁੰਦੀ ਵਧੀਕੀ ਬਰਦਾਸ਼ਤ ਨਹੀਂ ਕਰ ਸਕਦਾ। ਉਹ ਸਰਦਾਰ ਦੀ ਆਰਥਿਕ ਸਹਾਇਤਾ ਵੀ ਕਰਦਾ ਹੈ ਤੇ ਇਹ ਬੇਨਤੀ ਵੀ ਕਰਦਾ ਹੈ ਕਿ 'ਨਦਾਨ ਬੇਕਸੂਰ' ਬੱਚੀ ਨੂੰ ਮਾਰਿਆ ਨਾ ਜਾਵੇ। ਬੱਚੀ ਨਾਲ ਲਗਾਤਾਰ ਹੁੰਦੀ ਜ਼ਿਆਦਤੀ ਕਾਰਨ ਉਹ ਕਿਵੇਂ ਰੋਂਦੂ, ਜ਼ਿੱਦੀ ਤੇ ਢੀਠ ਹੋ ਜਾਂਦੀ ਹੈ। ਇਹ ਗੱਲ ਬਾਲ ਮਨੋ-ਵਿਗਿਆਨ ਨੂੰ ਚੰਗੀ ਤਰ੍ਹਾਂ ਸਮਝਣ ਵਾਲਾ ਡੂੰਘਾ ਜਾਣਕਾਰ ਹੀ ਜਾਣਦਾ ਹੈ ਕਿ ਕਿਉਂ 'ਡਰਾਉਣੇ ਬਿੰਬ' ਕਰਕੇ ਪ੍ਰਸਿੱਧ ਪਠਾਣ ਬੱਚੀ ਦੀ ਤਰਸਯੋਗ ਹਾਲਤ ਤੋਂ ਦ੍ਰਵਿਤ ਹੋ ਕੇ ਨਾਜ਼ਕ ਛਿਣਾਂ ਵਿਚ ਬੱਚੀ ਨੂੰ ਬਚਾਉਣ ਲਈ 'ਉਠਾ ਕੇ' ਲੈ ਕੇ ਜਾਂਦਾ ਹੈ। ਪਕੜੇ ਜਾਣ ਤੇ ਉਹ ਬੱਚੀ ਨੂੰ 'ਜ਼ਾਲਮਾਂ' ਕੋਲੋਂ ਬਚਾਉਣਾ ਚਾਹੁੰਦਾ ਹੈ ਜਿਹੜੇ ਉਸ ਦੀ 'ਧੀ' ਨੂੰ ਮਾਰ ਦੇਣਗੇ। ਦੁਨੀਆਂਦਾਰ ਲੋਕਾਂ ਨੂੰ ਉਹ 'ਸ਼ੁਦਾਈ' ਲਗਦਾ ਹੈ ਪਰ ਕਹਾਣੀਕਾਰ ਦੀ ਸਿਆਣਪ ਇਸ ਗਲ ਵਿਚ ਹੈ ਕਿ ਅਜਿਹੇ ਪਾਤਰ ਰਾਹੀਂ ਉਹ ਜਿਥੇ ਬਚਿਆਂ ਵਲ ਯੋਗ ਧਿਆਨ ਦੇਣ ਲਈ ਪ੍ਰੇਰਿਤ ਕਰ ਰਿਹਾ ਹੈ, ਉਥੇ 'ਧਿਆਨ ਦੇਣ ਵਾਲੇ' ਮੁਹੱਬਤੀ ਰਿਸ਼ਤੇ ਨੂੰ 'ਖੂਨ ਦੇ ਰਿਸ਼ਤੇ' ਤੋਂ ਵੀ ਉਪਰ ਸਮਝਦਾ ਸਮਝਾਉਂਦਾ ਨਜ਼ਰ ਆਉਂਦਾ ਹੈ। ਮਾਪਿਆਂ ਨੂੰ 'ਜ਼ਾਲਮ' ਤੋਂ 'ਜ਼ਾਲਮ' ਦਿਸਦੇ ਪਠਾਣ ਨੂੰ ਵਾਤਸਲ ਵਿਚ ਭਿਜਾ ਵਿਖਾ ਕੇ ਲੇਖਕ ਰਿਸ਼ਤਿਆਂ ਨੂੰ ਵੱਖਰੇ ਕੋਨ ਤੇ ਵੇਖਣ ਜਾਂਚਣ ਦਾ ਉਪਰਾਲਾ ਵੀ ਕਰ ਰਿਹਾ ਹੈ ਤੇ ਨਾਲ ਇਹ ਵੀ ਦਸ ਰਿਹਾ ਹੈ ਜੋ ਕੁਝ ਬਾਹਰ ਦਿਸਦਾ ਹੈ ਅੰਦਰ ਸਦਾ ਉਹੋ ਕੁਝ ਹੁੰਦਾ ਨਹੀਂ। ਰਿਸ਼ਤਿਆਂ ਨੂੰ ਉਲਟਾ ਕੇ ਵੇਖਣ ਦੀ ਕਲਾ ਸਦਕਾ ਹੀ ਇਹ ਕਹਾਣੀ ਉਤਮ ਕਿਰਤ ਬਣ ਸਕੀ ਹੈ। ਇਹ ਕਹਾਣੀ ਹੈ ਜਿਸ ਵਿਚ ਮਨੁਖੀ ਮਨ ਦੀਆਂ ਡੂੰਘਾਣਾਂ ਨੂੰ ਸਮਝ ਕੇ ਇਨ੍ਹਾਂ ਨੂੰ ਬਾਹਰੀ ਜੀਵਨ ਨਾਲ ਸੰਤੁਲਨ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੈ।

ਸੁਜਾਨ ਸਿੰਘ ਦੀਆਂ ਕਹਾਣੀਆਂ ਨੂੰ ਨਿਰੋਲ ਪਰਚਾਰ-ਤਮਕ ਕਹਿਕੇ ਰੱਦ ਕਰਨ ਵਾਲੇ ਲੋਕਾਂ ਨੂੰ ਇਹ ਕਹਾਣੀ ਜ਼ਰੂਰ ਪੜ੍ਹਨੀ ਚਾਹੀਦੀ ਹੈ। (ਬਰਸੀ 'ਤੇ ਵਿਸ਼ੇਸ਼)

ਕਹਾਣੀ

# ਪਠਾਣ ਦੀ ਧੀ

—ਸੁਜਾਨ ਸਿੰਘ

ਗ਼ਫੂਰ ਪਠਾਣ ਜਦ ਵੀ ਸ਼ਾਮ ਨੂੰ ਆਪਣੀ ਲਾਂਢੀ ਵਿਚ ਆਉਂਦਾ, ਉਨ੍ਹਾਂ ਲਾਂਢੀਆਂ ਵਿਚ ਰਹਿਣ ਵਾਲੇ ਬੱਚੇ "ਕਾਬਲੀ ਵਾਲਾ", "ਕਾਬਲੀ ਵਾਲਾ" ਕਰਦੇ ਆਪੋ ਆਪਣੀ ਲਾਂਢੀ ਵਿਚ ਜਾ ਲੁਕਦੇ। ਇੱਕ ਨਿੱਕਾ ਜਿਹਾ ਸਿੱਖ ਮੁੰਡਾ ਬੇਖ਼ੌਫ ਉਥੇ ਖੜੋਤਾ ਰਹਿੰਦਾ ਤੇ ਉਸ ਦੇ ਥੈਲੇ, ਖੁਲ੍ਹੇ-ਡੁਲ੍ਹੇ ਕਪੜੇ, ਉਸ ਦੇ ਸਿਰ ਦੇ ਪਟੇ ਤੇ ਉਘੜ-ਦੁਘੜੀ ਪੱਗ ਵਲ ਦੇਖਦਾ ਰਹਿੰਦਾ। ਗ਼ਫੂਰ ਨੂੰ ਉਹ ਬੱਚਾ ਬੜਾ ਪਿਆਰਾ ਲਗਦਾ ਸੀ। ਇੱਕ ਦਿਨ ਉਸ ਨੇ ਉਸ ਮੁੰਡੇ ਕੋਲੋਂ ਪਠਾਣੀ ਲਹਿਜੇ ਦੀ ਹਿੰਦੁਸਤਾਨੀ ਵਿਚ ਪੁਛਿਆ, "ਕੀ ਤੈਨੂੰ ਮੇਰੇ ਕੋਲੋਂ ਡਰ ਨਹੀਂ ਆਉਂਦਾ, ਬੱਚਾ?"

ਬੱਚੇ ਨੇ ਮੁਸਕਰਾ ਕੇ ਸਿਰ ਹਿਲਾ ਦਿੱਤਾ। ਗ਼ਫੂਰ ਦੇ ਸੁਰਖ਼ ਚਿਹਰੇ ਤੇ ਹੋਰ ਲਾਲੀ ਦੌੜ ਗਈ। ਉਸ ਬੱਚੇ ਵਲ ਦੋਵੇਂ ਬਾਹਾਂ ਬੜੀ ਕੋਮਲਤਾ ਤੇ ਪਿਆਰ ਭਰੇ ਜਜ਼ਬੇ ਨਾਲ ਨਾਲ ਵਧਾਈਆਂ। ਬੱਚਾ ਪਠਾਣ ਦੀ ਲੱਤ ਨਾਲ ਚੰਬੜ ਗਿਆ, ਪਰ ਗ਼ਫੂਰ ਨੇ ਉਸ ਨੂੰ ਕੱਛਾਂ ਵਿਚ ਹੱਥ ਦੇ ਕੇ ਆਪਣੇ ਸਿਰ ਤੋਂ ਉੱਪਰ ਚੁਕ ਲਿਆ ਤੇ ਪਾਸਿਓ ਪਾਸੇ ਹਿਲਾ ਜੁਲਾ ਕੇ ਲਾਡ ਕਰਨ ਲਗ ਪਿਆ। ਸਾਹਮਣੇ ਲਾਂਢੀ ਵਿਚੋਂ ਬੱਚੇ ਦੀ ਭੈਣ ਨਿਕਲੀ, ਜੋ ਮਸੀਂ ਅਠਾਂ ਕੁ ਵਰ੍ਹਿਆਂ ਦੀ ਸੀ। ਵੀਰ ਨਾਲ ਪਠਾਣ ਨੂੰ ਪਿਆਰ ਕਰਦਾ ਦੇਖ ਕੇ ਉਹ ਵੀ ਕੋਲ ਆਣ ਖੜੋਤੀ। ਪਠਾਣ ਬੜੀ ਜ਼ੋਰ ਦੀ ਖਿੜ ਖਿੜਾ ਕੇ ਹਸ ਰਿਹਾ ਸੀ ਤੇ ਵੀਰੋ ਦਾ ਵੀਰ, ਅਜਮੇਰ, ਪੈਰ ਦੇ ਠੁੱਡਾਂ ਨਾਲ ਪਠਾਣ ਦੀ ਪੱਗ ਉਡਾਉਣੀ ਚਾਹੁੰਦਾ ਸੀ। ਆਖ਼ਰ ਇਕ ਠੁੱਡੇ ਨਾਲ ਉਸ ਦੀ ਪੱਗ ਥੱਲੇ ਜਾ ਪਈ। ਗ਼ਫੂਰ ਜ਼ੋਰ ਦੀ ਹੱਸਿਆ ਤੇ ਅਜਮੇਰ ਨੂੰ ਥੱਲੇ ਉਤਾਰ ਕੇ ਕਹਿਣ ਲਗਾ, "ਬਾਬਾ ਤੁਮ ਜੀਤਾ।"

ਜਦ ਪਠਾਣ ਨੇ ਵੀਰੋ ਨੂੰ ਆਪਣੇ ਲਾਗੇ ਖੜ੍ਹਿਆਂ ਦੇਖਿਆ ਤਾਂ ਉਸ ਅਜਮੇਰ ਕੋਲੋਂ ਪੁਛਿਆ, "ਕੀ ਇਹ ਤੇਰੀ



Sri Satguru Jagjit Singh Ji eLibrary NamdhariElibrary@gmail.com

ਭੈਣ ਹੈ ?"

ਅਜਮੇਰ ਨੇ ਬੁਲ੍ਹ ਮੀਟ ਕੇ ਮੁਸਕਰਾਉਂਦਿਆਂ ਕਿਹਾ, "ਹੂੰ......ਉਂ।"

ਕਾਬਲੀ ਨੇ ਇਕ ਹੱਥ ਨਾਲ ਵੀਰੋ ਤੇ ਦੂਜੇ ਹੱਥ ਨਾਲ ਅਜਮੇਰ ਨੂੰ ਲੱਕ ਦਵਾਲਿਓਂ ਫੜ ਲਿਆ ਤੇ ਲਗਾ ਜ਼ੋਰ ਦੀ ਚੱਕਰ ਲਾਉਣ। ਬੱਚੇ ਖਿੜ ਖਿੜ ਹੱਸਦੇ ਸਨ ਗ਼ਫ਼ੂਰ ਉੱਚੀ ਉੱਚੀ ਹੂੰ.....ਊਂ......ਹੂੰ......ਊਂ ਕਰੀ ਜਾਂਦਾ ਸੀ।

ਇਸ ਹੂੰ......ਊਂ ਨੂੰ ਸੁਣ ਕੇ ਨਿੱਕੀ ਕੁੜੀ ਨੂੰ ਕੁਛੜ ਚੁਕੀ ਤੇਜੋ ਬਾਹਰ ਨਿਕਲੀ ਤੇ ਆਪਣੇ ਬਚਿਆਂ ਨੂੰ ਗ਼ਫ਼ੂਰ ਕੋਲੋਂ ਭਾਂ ਭਾਂ ਬਿੱਲੀਆਂ ਦੇ ਹੂਟੇ ਲੈਂਦੇ ਦੇਖ ਕੇ ਡਰ ਜਿਹੀ ਗਈ, ਪਰ ਪੰਜਾਬਣਾਂ ਵਾਲਾ ਹੌਸਲਾ ਕਰਕੇ ਬੋਲੀ, "ਵੇ ਅਜਮੇਰ ! ਨੀ ਵੀਰੋ !"

ਗ਼ਫ਼ੂਰ ਓਥੇ ਦਾ ਓਥੇ ਖੜ੍ਹ ਗਿਆ ਤੇ ਬੱਚਿਆਂ ਦੀ ਮਾਂ ਦੀ ਚੜ੍ਹੀ ਹੋਈ ਤਿਊੜੀ ਤੇ ਖਿਚੀਆਂ ਹੋਈਆਂ ਅੱਖਾਂ ਦੇਖ ਕੇ ਉਸ ਦੋਹਾਂ ਨੂੰ ਉਤਾਰ ਦਿਤਾ ਤੇ ਆਪ ਮਸੀਂ ਮਸੀਂ ਡਿਗਣੋਂ ਬਚਿਆ।

ਤੇਜੋ ਨੇ ਬਚਿਆਂ ਨੂੰ ਡਾਂਟਦਿਆਂ ਕਿਹਾ, "ਆ ਲੈਣ ਦਿਉ ਅੱਜ ਆਪਣੇ ਬਾਪੂ ਨੂੰ।"

ਵੀਰੋ ਤੇ ਝੱਟ ਅੰਦਰ ਜਾ ਵੜੀ, ਪਰ ਅਜਮੇਰ ਡਟ ਕੇ ਖੜ੍ਹ ਗਿਆ ਤੇ ਸਿਪਾਹੀਆਂ ਵਾਂਗ ਕਮਰ ਉਤੇ ਦੋਵੇਂ ਹੱਥ ਰਖ ਕੇ ਕਹਿਣ ਲਗਾ, "ਆ ਲੈਣ ਦੇ ਫੇਰ।"

ਤੇਜੋ ਨੇ ਅਗਾਂਹ ਵਧ ਕੇ ਅਜਮੇਰ ਨੂੰ ਬਾਹੋਂ ਫੜ ਲਿਆ ਤੇ ਉਸ ਨੂੰ ਧ੍ਰੀਕਦੀ ਧ੍ਰੀਕਦੀ ਆਪਣੀ ਲਾਂਢੀ ਵਿਚ ਲੈ ਗਈ। ਗ਼ਫ਼ੂਰ ਕਿੰਨਾ ਚਿਰ ਅਜਮੇਰ ਦਾ ਰੋਣਾ ਧੋਣਾ ਸੁਣਦਾ ਰਿਹਾ। ਆਖਰ ਉਹ ਆਪਣੇ ਅੰਦਰ ਵੜਿਆ ਤੇ ਆਪਣੇ ਝੋਲੇ ਵਿਚੋਂ ਇਕ ਨਿੱਕਾ ਜਿਹਾ ਟੁੱਟਾ ਸ਼ੀਸ਼ਾ ਕੱਢ ਕੇ ਮੂੰਹ ਦੇਖਣ ਲਗ ਪਿਆ। ਉਸ ਦਿਨ ਉਸ ਰੋਟੀ ਨਾ ਪਕਾਈ ਤੇ ਐਵੇਂ ਹੀ ਸੌਂ ਗਿਆ।

ਕਿਸੇ ਨੂੰ ਪਤਾ ਨਹੀਂ ਕਿ ਗ਼ਫ਼ੂਰ ਕੀ ਕੰਮ ਕਰਦਾ ਹੈ। ਕੋਈ ਕਹਿੰਦਾ ਸੀ ਕਿ ਹਿੰਗ, ਜ਼ੀਰਾ, ਤੇ ਸਲਾਜੀਤ ਵੇਚਦਾ ਹੈ, ਕੋਈ ਕਹਿੰਦਾ ਸੀ ਸੂਦੀ ਰੁਪੈ ਦਿੰਦਾ ਹੈ ਤੇ ਬੜਾ ਬੜਾ ਵਿਆਜ ਲੈਂਦਾ ਹੈ ਅਤੇ ਕੋਈ ਕਹਿੰਦਾ ਸੀ ਕਿ ਇਸ ਕੋਲੋਂ ਬਚ ਕੇ ਰਹਿਣਾ, ਇਹ ਨਿਆਣਿਆਂ ਨੂੰ ਚੁਕ ਕੇ ਲੈ ਜਾਂਦੇ ਹੁੰਦੇ ਜੇ। ਲਾਂਢੀ ਦੀਆਂ ਕਤਾਰਾਂ ਵਿਚ ਸਾਰੇ ਉੜੀਏ, ਬੰਗਾਲੀ ਤੇ ਬਿਹਾਰੀ ਮਜ਼ਦੂਰ ਰਹਿੰਦੇ ਸਨ। ਕਿਸੇ ਕਿਸੇ ਦਾ ਹੀ ਬਾਲ ਬੱਚਾ ਨਾਲ ਸੀ। ਉਨ੍ਹਾਂ ਦੇ ਬੱਚੇ ਤਾਂ ਕਿਤੇ ਰਹੇ, ਉਹ ਆਪ ਹੀ ਪਠਾਣਾਂ ਕੋਲੋਂ ਬੜੇ ਡਰਦੇ ਸਨ। ਲਾਂਢੀਆਂ ਦੀਆਂ ਆਹਮੋ-ਸਾਹਮਣੀਆਂ ਕਤਾਰਾਂ ਦੇ ਸਿਰੇ ਉਤੇ ਅਜਮੇਰ ਤੇ ਗ਼ਫ਼ੂਰ ਪਠਾਣ ਦਾ ਘਰ ਸੀ। ਅਜਮੇਰ ਦਾ ਪਿਉ ਰਿਜ਼ਰਵ ਵਿਚ ਆਇਆ ਹੋਇਆ ਫ਼ੌਜੀ ਸੀ। ਬਾਗਲੀ ਮਿੱਲ ਵਿਚ ਚੌਕੀਦਾਰੀ ਦਾ ਕੰਮ ਕਰਦਾ ਸੀ। ਤੇਜੋ ਨੇ ਆਉਂਦਿਆਂ ਹੀ ਮਾਲਕ ਦੇ ਖ਼ੂਬ ਕੰਨ ਭਰੇ।

ਦਿਨ ਚੜ੍ਹਦਿਆਂ ਹੀ ਅਜਮੇਰ ਦੇ ਬਾਪੂ ਨੇ ਗ਼ਫ਼ਰ ਦੀ ਲਾਂਢੀ ਦੀ ਚਾਦਰ ਦਾ ਬੂਹਾ ਜਾ ਖੜਕਾਇਆ। ਕੁਝ ਚਿਰ ਮਗਰੋਂ ਗ਼ਫ਼ੂਰ ਸਿਰੋਂ ਨੰਗਾ ਅੱਖਾਂ ਮਲਦਾ ਬਾਹਰ ਨਿਕਲਿਆ ਤੇ ਉਸ ਨੂੰ ਸਾਹਮਣੇ ਦੇਖ ਕੇ ਕਹਿਣ ਲਗਾ, "ਕਿਆ ਗੱਲ ਹੈ ਜਮਾਦਾਰਾ, ਸਰਦਾਰਾ ?"

ਵੀਰੋ ਦੇ ਪਿਉ ਨੇ ਟੁੱਟੀ ਭੱਜੀ ਹਿੰਦੁਸਤਾਨੀ ਵਿਚ ਕਿਹਾ, "ਦੇਖ ਬਈ ਤੂੰ ਮੁਸਲਮਾਨ ਹੈਂ ਖ਼ਾਨ, ਤੇ ਅਸੀਂ ਸਿੱਖ ਲੋਗ। ਤੂੰ ਸਾਡੇ ਬਚਿਆਂ ਨਾਲ ਨਾ......।"

"ਸਿੱਖ ਹੈ ਕਿ ਮੁਸਲਮਾਨ, ਬੱਚਾ ਤੋ ਸਭ ਕਾ ਏਕ ਹੈ, ਸਰਦਾਰ ! ਖ਼ੁਦਾ ਤੋ ਸਭ ਕਾ ਏਕ ਹੈ।"

ਜਮਾਦਾਰ ਨੇ ਗਰਮ ਹੁੰਦਿਆਂ ਕਿਹਾ, "ਏਕ ਵੇਕ ਕੋਈ ਨਹੀਂ ! ਤੂੰ ਸਾਡਿਆਂ ਬੱਚਿਆਂ ਨਾਲ ਨਾ ਖੇਲ। ਨਹੀਂ ਤੇ ਜੇ ਤੂੰ ਪਠਾਣ ਹੈਂ ਤਾਂ ਮੈਂ ਵੀ ਸਿੱਖ ਹਾਂ।"

ਪਠਾਣ ਨੇ ਆਪਣੇ ਕੌਮੀ ਸੁਭਾਅ ਤੋਂ ਉਲਟ ਹੋਰ ਨਰਮਾਈ ਨਾਲ ਕਿਹਾ, "ਸਭ ਬੱਚੇ ਮੇਰੇ ਕੋਲੋਂ ਡਰਦੇ ਹਨ, ਤੇਰੇ ਬੱਚੇ ਮੇਰੇ ਕੋਲੋਂ ਨਹੀਂ ਡਰਦੇ। ਮੈਨੂੰ ਉਹ ਚੰਗੇ ਲਗੇ ਸਨ। ਤੂੰ ਆਪਣੇ ਬੱਚਿਆਂ ਨੂੰ ਹਟਾ ਲੈ ਕਿ ਮੇਰੇ ਕੋਲ ਨਾ ਆਉਣ। ਮੈਂ ਕਿਸੇ ਨੂੰ ਸੱਦਦਾ ਨਹੀਂ। ਮੈਂ ਤੇ ਕਲਾ ਰਹਿਣ ਹੋ ਰਿਹਾ ਹਾਂ।"

"ਬਸ, ਬਸ" ਜਮਾਦਾਰ ਨੇ ਕਿਹਾ, ਫ਼ੈਸਲਾ ਹੋ ਗਿਆ ਹੈ।"

ਬੱਚੇ ਅਕਸਰ ਦਾਅ ਬਚਾ ਕੇ ਗ਼ਫ਼ੂਰ ਦੇ ਸਾਹਮਣੇ ਆਉਂਦੇ ਸਨ, ਪਰ ਗ਼ਫ਼ੂਰ ਉਨ੍ਹਾਂ ਨੂੰ ਘੂਰੀ ਵਟ ਕੇ ਤੇ ਇਹ ਕਹਿ ਕੇ ਨਸਾ ਦਿੰਦਾ ਸੀ ਕਿ ਤੁਹਾਡਾ ਬਾਪ ਮਾਰੇਗਾ। ਫੇਰ ਵੀ ਕਈ ਵਾਰੀ ਗ਼ਫ਼ੂਰ ਦਾ ਜੀਅ ਪਸੀਜ ਜਾਂਦਾ ਸੀ ਤੇ ਉਹ ਚੋਰੀ ਚੋਰੀ ਉਨ੍ਹਾਂ ਨੂੰ ਕਾਬਲ ਦਾ ਸਰਧਾ ਜਾਂ ਕਾਬਲ ਦਾ ਅਨਾਰ ਦੇ ਦਿੰਦਾ ਸੀ ਤੇ ਕਹਿੰਦਾ ਸੀ ਕਿ ਚੋਰੀ ਚੋਰੀ ਖਾ ਕੇ



Sri Satguru Jagjit Singh Ji eLibrary NamdhariElibrary@gmail.com

ਘਰ ਜਾਣਾ। ਬੱਚੇ ਇਵੇਂ ਹੀ ਕਰਦੇ ਸਨ।

ਵੀਰੋ ਤੇ ਅਜਮੇਰ ਕੋਲੋਂ ਛੋਟੀ ਤੇ ਕੁਛੜਲੀ ਕੁੜੀ ਕੋਲੋਂ ਵੱਡੀ ਤੇਜੋ ਦੀ ਇਕ ਹੋਰ ਧੀ ਸੀ। ਉਹ ਬਹੁਤ ਘੱਟ ਘਰੋਂ ਬਾਹਰ ਨਿਕਲਦੀ ਸੀ। ਨਿੱਕੀ ਕੁੜੀ ਦੇ ਜੰਮਣ ਤੋਂ ਪਹਿਲਾਂ ਉਹ ਬੜੀ ਛਿੰਦੀ ਸੀ। ਹੁਣ ਮਾਂ ਦਾ ਪਿਆਰ ਨਵੇਂ ਬਾਲ ਵਲ ਹੋਣ ਕਰਕੇ ਉਹ ਪਿਆਰ ਦੀ ਥੁੜ੍ਹ ਅੰਦਰੋਂ ਅੰਦਰ ਮਹਿਸੂਸ ਕਰਦੀ ਸੀ ਤੇ ਪੂਰਾ ਖ਼ਿਆਲ ਆਪਣੇ ਵਲ ਨਾ ਦੇਖ ਕੇ ਅਕਸਰ ਮਾਮੂਲੀ ਗੱਲ ਤੋਂ ਰੋ ਪੈਂਦੀ ਸੀ ਤੇ ਜ਼ਿਦਾਂ ਕਰਦੀ ਸੀ। ਤੇਜੋ ਉਸ ਨੂੰ ਗੁਸੇ ਹੁੰਦੀ ਸੀ। ਉਹ ਰੋਂਦੀ ਸੀ ਤੇ ਉਸ ਨੂੰ ਹੋਰ ਮਾਰ ਪੈਂਦੀ ਸੀ। ਤੇਜੋ ਵਲੋਂ ਕੁੜੀ ਦੀ ਇਹ ਹਾਲਤ ਦੇਖ ਕੇ ਵੀਰੋ ਤੇ ਅਜਮੇਰ ਵੀ ਉਸਨੂੰ ਦਾਅ ਲਗਦੇ ਕੁਟ ਲੈਂਦੇ ਸਨ ਤੇ ਜਦ ਉਹ ਰੋਂਦੀ ਸੀ ਤਾਂ, "ਐਵੇਂ ਰੋਂਦੀ" ਕਹਿ ਕੇ ਤੇਜੋ ਕੋਲੋਂ ਹੋਰ ਮਾਰ ਪੁਆ ਦਿੰਦੇ ਸਨ। ਕੁੜੀ ਰੁਲ ਜਹੀ ਗਈ ਤੇ ਆਪਣੇ ਬਚਾਅ ਵਾਸਤੇ ਲਾਂਢੀਓਂ ਬਾਹਰ ਫਿਰਨਾ ਤੁਰਨਾ ਸ਼ੁਰੂ ਕੀਤਾ। ਵੱਡੇ ਬਾਲ ਫਿਰ ਵੀ ਉਸ ਦਾ ਪਿੱਛਾ ਨਹੀਂ ਸਨ ਛੱਡਦੇ। ਗ਼ਫ਼ੂਰ ਰੋਜ਼ ਸਭ ਦੇਖਦਾ ਸੀ ਪਰ ਕੁਝ ਕਹਿ ਨਹੀਂ ਸੀ ਸਕਦਾ। ਵੱਡਿਆਂ ਬਚਿਆਂ ਦੀ ਚਾਹ ਉਸ ਦੇ ਦਿਲ ਵਿਚੋਂ ਘਟਦੀ ਗਈ ਤੇ ਜ਼ਾਲਮਾਂ ਨੂੰ ਛਡ ਕੇ ਮਜ਼ਲੂਮ ਨਾਲ ਉਸ ਦੀ ਹਮਦਰਦੀ ਵਧੀ। ਬਹੁਤਾ ਚਿਰ ਪੰਜਾਬੀਆਂ ਦੇ ਸਾਹਮਣੇ ਰਹਿਣ ਕਰਕੇ ਉਹ ਪੰਜਾਬੀਆਂ ਦੀ ਬੋਲੀ ਕਾਫ਼ੀ ਸਮਝ ਲੈਂਦਾ ਸੀ ਤੇ ਤੇਜੋ ਦੀ ਨਿੱਕੀ ਕੁੜੀ ਨੂੰ ਦਿੱਤੀਆਂ ਗਾਲ੍ਹਾਂ ਸੁਣ ਕੇ ਬੜਾ ਦੁਖੀ ਹੁੰਦਾ ਸੀ।

ਇਨ੍ਹਾਂ ਦਿਨਾਂ ਵਿਚ ਖ਼ੁਨਾਮੀ ਕਰਕੇ ਦੋ ਮਹੀਨਿਆਂ ਲਈ ਜਮਾਦਾਰ ਦੀ ਨੌਕਰੀ ਟੁਟ ਗਈ। ਫੇਰ ਤੇ ਕੁੜੀ ਦੀ ਸ਼ਾਮਤ ਆ ਗਈ, ਜਿਹੜਾ ਆਵੇ ਉਸ ਨੂੰ ਕੁਟੇ। ਤੇਜੋ ਕਹੇ, "ਇਹ ਰੋਂਦੀ ਰਹਿੰਦੀ ਸੀ ਤਾਂ ਸਾਡੀ ਨੌਕਰੀ ਗਈ।" ਮਹੀਨੇ ਦੇ ਮਹੀਨੇ ਤਨਖਾਹ ਮਿਲਣ ਨਾਲ ਰੋਟੀ ਦਾ ਗੁਜ਼ਾਰਾ ਤੁਰਦਾ ਸੀ। ਬੜੀ ਔਕੜ ਬਣੀ।

ਮਜ਼ਲੂਮ ਦੇ ਰਹਿਮ ਨੇ ਗ਼ਫ਼ੂਰ ਦੇ ਦਿਲ ਵਿਚ ਜ਼ਾਲਮ ਤੇ ਰਹਿਮ ਕਰਨ ਦਾ ਜਜ਼ਬਾ ਭਰਿਆ। ਉਸ ਇਕ ਦਿਨ ਜਮਾਦਾਰ ਨੂੰ ਸਦਿਆ ਤੇ ਕਿਹਾ, "ਸਰਦਾਰਾ, ਤੂੰ ਮੇਰਾ ਭਾਈ ਹੈਂ। ਮੈਨੂੰ ਪਤਾ ਹੈ ਤੈਨੂੰ ਤੰਗੀ ਹੈ। ਮੈਂ ਤੇਰੀ ਮਦਦ ਕਰਨੀ ਚਾਹੁੰਦਾ ਹਾਂ ਤੇ ਨਾਂਹ ਨਾ ਕਰੀਂ।"

ਸਰਦਾਰ ਚੁੱਪ ਸੀ ਤੇ ਗ਼ਫ਼ੂਰ ਨੇ ਪੰਦਰਾਂ ਦੇ ਨੋਟ ਉਸ ਦੇ ਹੱਥ ਵਿਚ ਦਿਤੇ। ਘਰ ਵਿਚ ਲੋੜ ਸੀ, ਦਿਲ ਪਠਾਣ ਕੋਲੋਂ ਮਦਦ ਲੈਣ ਨੂੰ ਨਹੀਂ ਸੀ ਕਰਦਾ, ਪਰ ਫੇਰ ਵੀ ਉਸ ਪੰਦਰਾਂ ਰੁਪਏ ਰਖ ਲਏ। ਸੋਚਿਆ ਮੇਰੀ ਨੌਕਰੀ ਲਗ ਜਾਵੇਗੀ ਤਾਂ ਸਣੇ ਸੂਦ ਮੋੜ ਦੇਵਾਂਗਾ।

ਜਾਣ ਲਗਿਆਂ ਜਮਾਦਾਰ ਨੂੰ ਫੇਰ ਬੁਲਾ ਕੇ ਤੇ ਆਪਣਿਆਂ ਵਾਂਗ ਮੋਢੇ ਤੇ ਹੱਥ ਰਖਕੇ ਗ਼ਫ਼ੂਰ ਨੇ ਕਿਹਾ, "ਸਰਦਾਰ, ਤੇਰੀ ਔਰਤ ਤੇ ਦੋਵੇਂ ਵੱਡੇ ਬੱਚੇ ਛੋਟੀ ਲੜਕੀ ਨੂੰ ਮਾਰਦੇ ਰਹਿੰਦੇ ਹਨ, ਨਦਾਨ ਬੇਕਸੂਰ ਹੈ। ਉਸ ਨੂੰ ਮਤ ਮਾਰੋ। ਮੈਨੂੰ ਤਕਲੀਫ਼ ਹੁੰਦੀ ਹੈ। ਮਤ ਮਾਰੋ। ਦੇਖੋਂ, ਉਹ ਬਹੁਤ ਕਮਜ਼ੋਰ ਹੈ, ਮਰ ਜਾਏਗੀ।"

ਕਿੰਨਾ ਚਿਰ ਪਠਾਣ ਦੀਆਂ ਤਰਲਿਆਂ ਭਰੀਆਂ ਅੱਖਾਂ ਜਮਾਦਾਰ ਨੂੰ ਯਾਦ ਰਹੀਆਂ। ਉਸ ਤੇਜੋ ਨੂੰ ਆਖਿਆ ਕਿ ਉਹ ਕੁੜੀ ਨੂੰ ਨਾ ਮਾਰਿਆ ਕਰੇ, ਪਰ ਤੇਜੋ ਤੇ ਬਚਿਆਂ ਦੀ ਆਦਤ ਪੱਕ ਚੁਕੀ ਸੀ।

ਜਦ ਸਰਦਾਰ ਨੂੰ ਨਵੀਂ ਥਾਂ ਤੋਂ ਪਹਿਲੀ ਤਨਖ਼ਾਹ ਮਿਲੀ ਤਾਂ ਉਹ ਪਹਿਲੋਂ ਗ਼ਫ਼ਰ ਦੀ ਲਾਂਢੀ ਵਿਚ ਵੜਿਆ। ਪੰਦਰਾਂ ਰੁਪਿਆਂ ਦੇ ਨਾਲ, ਪਠਾਣ ਦਾ ਕਰੜੇ ਤੋਂ ਕਰੜਾ ਸੂਦ ਗਿਣ ਕੇ, ਉਸ ਪੰਜਾਂ ਰੁਪਿਆਂ ਦਾ ਨੋਟ ਹੋਰ ਜੋੜ ਦਿਤਾ। ਗ਼ਫ਼ੂਰ ਨੋਟ ਦੇਖ ਕੇ ਹੈਰਾਨ ਹੋਇਆ ਤੇ ਆਖਣ ਲਗਾ, "ਸਰਦਾਰਾ ਇਹ ਕਿਐ ?"

ਸਰਦਾਰ ਨੇ ਕਿਹਾ, "ਤੁਹਾਡਾ ਰੁਪਈਆ ਤੇ ਸੂਦ।"

"ਹਮ ਮੁਸਲਮਾਨ ਪਠਾਣ ਹੈ, ਸਰਦਾਰ" ਪਠਾਣ ਨੇ ਰੋਹ ਵਿਚ ਆਣ ਕੇ ਕਿਹਾ, "ਹਮ ਸੂਦ ਨੂੰ ਹਰਾਮ ਸਮਝਦਾ ਹੈ।"

ਗ਼ਫ਼ੂਰ ਦੀ ਤਮਤਮਾਈ ਹੋਈ ਸ਼ਕਲ ਦੇਖ ਕੇ ਜਮਾਦਾਰ ਨੇ ਕਿਹਾ, "ਮੈਨੂੰ ਪਤਾ ਨਹੀਂ ਸੀ ਕਿ ਕੋਈ ਪਠਾਣ ਸੂਦ ਨਹੀਂ ਵੀ ਲੈਂਦਾ, ਹੱਛਾ ਲਗ ਗਿਆ ਪਤਾ, ਪਰ ਇਹ ਲਓ ਆਪਣੇ ਰੁਪਏ।"

"ਇਹ ਤਾਂ ਮਦਦ ਸੀ" ਗ਼ਫ਼ੂਰ ਨੇ ਝਟ ਹੀ ਸਾਹਵੀਂ ਸ਼ਕਲ ਬਣਾਉਂਦਿਆਂ ਕਿਹਾ, "ਬੱਚਾ ਸਭ ਕਾ ਏਕ ਹੈ, ਸਰਦਾਰ।"

ਜਮਾਦਾਰ ਨੇ ਉਸ ਦੀ ਇਕ ਨਾ ਸੁਣੀ ਤੇ ਰੁਪਏ ਬਦੋ ਬਦੀ ਉਸ ਨੂੰ ਦੇ ਕੇ ਘਰ ਵੜਿਆ। ਬੂਹੇ ਵਿਚ ਨਿੱਕੀ ਕੁੜੀ ਰੋ ਰਹੀ ਸੀ, ਵੀਰੋ ਤੇ ਅਜਮੇਰ ਉਸ ਨੂੰ ਤੰਗ ਕਰ ਰਹੇ ਸਨ ਤੇ ਤੇਜੋ ਚੌਂਕੇ ਵਿਚੋਂ ਬਿਨਾਂ ਦੇਖਿਆਂ ਉਸਨੂੰ ਗਾਲ੍ਹਾਂ ਕਢ



Sri Satguru Jagjit Singh Ji eLibrary NamdhariElibrary@gmail.com

ਰਹੀ ਸੀ। ਜਮਾਦਾਰ ਨੇ ਅਜਮੇਰ ਨੂੰ ਝਿੜਕਿਆਂ, ਵੀਰੋ ਨੂੰ ਇਕ ਲਾਈ ਤੇ ਕੁੜੀ ਨੂੰ ਕੱਛੜ ਚੁਕ ਕੇ ਮੂੰਹ ਪੂੰਝਦਾ ਚੌਂਕੇ ਕੋਲ ਪੁੱਜਾ। ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਤੇਜੋ ਨੇ ਉਸ ਨੂੰ ਦੇਖ ਲਿਆ ਤੇ ਕਹਿਣ ਲਗੀ, "ਵੱਡੀ ਲਾਡਲੀ ! ਖ਼ਸਮ ਨੂੰ ਖਾਣੀ ਨੂੰ ਚੁਕ ਲਿਆ। ਸਾਰੀ ਸਾਰੀ ਦਿਹਾੜੀ ਰੋਂਦੀ ਹੀ ਰਹਿੰਦੀ ਐ, ਨਹਿਸ਼।"

ਜਮਾਦਾਰ ਨੇ ਉਸ ਨੂੰ ਖੂਬ ਝਾੜ ਪਾਈ ਤੇ ਉਹ ਮੂੰਹ ਸੁਜਾ ਕੇ ਇਕ ਨੁਕਰੇ ਬਹਿ ਗਈ।

ਤੇਜੋ ਚੋੜ੍ਹ ਨਾਲ ਕੁੜੀ ਨੂੰ ਹੋਰ ਮਾਰਨ ਲਗ ਪਈ। ਕੁੜੀ ਜ਼ਿੱਦਲ ਤੇ ਢੀਠ ਬਣ ਗਈ। ਗ਼ਫ਼ੂਰ ਕੁੜੀ ਦੀ ਸ਼ਾਮਤ ਆਉਂਦੀ ਰੋਜ਼ ਦੇਖਦਾ ਸੀ। ਉਸ ਨੂੰ ਇਕੱਲੀ ਧੁੱਪ ਵਿਚ ਡਿਗਦੀ ਢਹਿੰਦੀ ਦੇਖ ਕੇ ਉਸ ਦਾ ਦਿਲ ਪੰਘਰ ਜਾਂਦਾ ਸੀ।

ਇਕ ਦਿਨ ਇਹੋ ਜਿਹੀ ਮਾਨਸਕ ਹਾਲਤ ਵਿਚ ਛੋਟੀ ਕੁੜੀ ਨੂੰ ਗ਼ਫ਼ੂਰ ਨੇ ਸੈਣਤ ਨਾਲ ਸਦਿਆ। ਉਹ ਕੋਲ ਚਲੀ ਗਈ। ਉਹ ਉਸ ਨੂੰ ਚੁਕ ਕੇ ਅੰਦਰ ਲੈ ਗਿਆ। ਝੋਲੇ ਵਿਚ ਹੱਥ ਮਾਰਿਆ, ਉਸ ਵਿਚ ਕੁਝ ਨਹੀਂ ਸੀ।

ਪਠਾਣ ਦੀਆਂ ਅੱਖਾਂ ਵਿਚ ਦੋ ਅੱਥਰੂ ਆ ਗਏ। ਉਹ ਦਬੇ ਪੈਰੀਂ ਬਾਹਰ ਨਿਕਲ ਕੇ ਫਲਾਂ ਦੀ ਹੱਟੀ ਵਲ ਵਧਿਆ। ਉਸ ਉਥੋਂ ਦੋ ਤਿੰਨ ਕਿਸਮ ਦੇ ਫਲ ਲੈ ਕੇ ਕੁੜੀ ਨੂੰ ਫੜਾਏ। ਕੁੜੀ ਹਾਬੜੀ ਹੋਈ ਕਦੇ ਇਕ ਤੇ ਕਦੇ ਦੂਸਰੇ ਨੂੰ ਪਵੇ। ਗ਼ਫ਼ੂਰ ਦਾ ਹਾਉਕਾ ਨਿਕਲ ਗਿਆ। ਉਸ ਸੋਚਿਆ ਇਸ ਦੀ ਮਾਂ, ਵਡੇ ਬੱਚੇ ਤੇ ਸਰਦਾਰ, ਇਸ ਨੂੰ ਮਾਰ ਕੇ ਛਡਣਗੇ। ਇਸ ਨੂੰ ਬਚਾਉਣਾ ਚਾਹੀਦਾ ਹੈ। ਉਸ ਬੋਝੇ ਵਾਲੀ ਗੁਥਲੀ ਵਿਚ ਹੱਥ ਮਾਰਿਆ, ਦੋ ਰੁਪਿਆਂ ਦਾ ਕਰਿਆਨਾ ਖੜਕਿਆ। ਸੋਚਿਆ, ਨੱਸ ਕੇ ਲਾਂਢੀ ਵਿਚੋਂ ਕੁਝ ਲੈ ਆਵਾਂ। ਉਥੇ ਤਾਂ ਮੇਰੇ ਕੋਲ ਹਜ਼ਾਰ ਤੋਂ ਉਪਰ ਰੁਪਿਆ ਹੈ, ਪਰ ਫਿਰ ਖ਼ਿਆਲ ਆਇਆ ਕਿ ਕੁੜੀ ਨੂੰ ਛੁਡਾਉਣ ਦਾ ਮੌਕਾ ਖੁੰਝ ਜਾਵੇਗਾਂ, ਇਸ ਦੀ ਮਾਂ ਰੌਲਾ ਪਾ ਦੇਵੇਗੀ, ਹੋ ਸਕਦਾ ਹੈ ਸਰਦਾਰ ਨਾਲ ਬਖੇੜਾ ਹੋ ਜਾਵੇ।"

ਉਹ ਘਰ ਨਾ ਮੁੜਿਆ। ਉਸ ਇਕ ਮੁਸਲਮਾਨ ਦੀ ਘੋੜਾ-ਗੱਡੀ ਪਕੜੀ ਤੇ ਸਟੇਸ਼ਨ ਉਤੇ ਪਹੁੰਚ ਕੇ ਕਿਤੋਂ ਦੀ ਟਿਕਟ ਕਟਾਈ।

ਪਿਛੋਂ ਰੌਲਾ ਪੈ ਗਿਆ, "ਕਾਬਲੀ ਵਾਲਾ ਲੜਕੀ ਉਠਾ ਕੇ ਲੈ ਗਿਆ।"

ਕੋਈ ਕਹੇ, "ਦੇਖਾ, ਸਿਖ ਡਰਤਾ ਨਹੀਂ ਥਾ।"

ਕੋਈ ਕਹੇ, "ਪਠਾਣ ਦਾਅ ਤੇ ਸੀ। ਲੈ ਉਡਿਆ।"

ਭਾਂਤੋ ਭਾਂਤ ਗੱਲਾਂ ਨੇ ਸਰਦਾਰ ਦਾ ਦਿਲ ਗ਼ਫ਼ੂਰ ਵਲੋਂ ਖੱਟਾ ਕਰ ਦਿਤਾ। ਠਾਣੇ ਰਪੋਟ ਲਿਖਾਈ ਗਈ। ਤੇਜੋ ਰੋ ਰੋ ਕੇ ਫਾਵੀ ਹੁੰਦੀ ਜਾਂਦੀ ਸੀ ਤੇ ਪਠਾਣ ਦੇ ਬੱਚੇ ਕੱਚੇ ਪਿੱਟਦੀ ਸੀ। ਪੁਲਸ ਹੈਰਾਨ ਸੀ ਕਿ ਪਠਾਣ ਇੰਨਾ ਰੁਪਿਆ ਤੇ ਬੂਹਾ ਖੁਲ੍ਹਾ ਛਡ ਕੇ ਕਿਉਂ ਚਲਾ ਗਿਆ।

ਪੂਰੇ ਮਹੀਨੇ ਮਗਰੋਂ ਜਮਾਦਾਰ ਨੂੰ ਸ਼ਨਾਖ਼ਤ ਵਾਸਤੇ ਠਾਣੇ ਸਦਿਆ ਗਿਆ। ਕੁੜੀ ਹੱਥਕੜੀਆਂ ਵਿਚ ਜਕੜੇ ਗ਼ਫ਼ੂਰ ਦੇ ਕੁਛੜ ਸੀ। ਪਿਓ ਦੀ ਵਾਜ ਸੁਣ ਕੇ ਕੁੜੀ ਨੇ ਇਕ ਵਾਰੀ ਮੂੰਹ ਪਿਓ ਵਲ ਕਰਕੇ ਮੋੜ ਲਿਆ। ਤੇਜੋ ਦਾ ਵੀ ਉਥੇ ਕੋਈ ਚਾਰਾ ਨਾ ਚਲਿਆ। ਕੁੜੀ ਬੜੀ ਤਕੜੀ ਹੋਈ ਹੋਈ ਸੀ ਤੇ ਪਠਾਣ ਕਮਜ਼ੋਰ।

ਜਮਾਦਾਰ, ਤੇਜੋ ਤੇ ਹੋਰ ਹਮਸਾਇਆਂ ਸ਼ਨਾਖ਼ਤ ਕੀਤੀ। ਪਠਾਣ ਬਿਟ ਬਿਟ ਉਨ੍ਹਾਂ ਵਲ ਡੱਕੀ ਜਾਂਦਾ ਸੀ। ਆਖ਼ਰ ਜਦ ਪੁਲਸ ਕੁੜੀ ਉਸ ਤੋਂ ਲੈ ਕੇ ਜਮਾਦਾਰ ਨੂੰ ਦੇਣ ਲਗੀ ਤਾਂ ਕੁੜੀ ਦੀਆਂ ਚੀਕਾਂ ਤੇ ਪਠਾਣ ਦੇ ਬਕੜਵਾਹ ਨੇ ਕਮਰੇ ਗੁੰਜਾ ਦਿਤੇ।

ਪਠਾਣ ਕਹਿੰਦਾ ਸੀ, "ਨਾ ਦਿਉ, ਕੁੜੀ ਜ਼ਾਲਮਾਂ ਨੂੰ ! ਬਚਾਓ ! ਬਚਾਓ !! ਇਹ ਮਾਰ ਦੇਣਗੇ। ਮੇਰੀ ਧੀ ਨੂੰ ਇਹ ਜ਼ਾਲਮ......ਕਸਾਈ।"

ਠਾਣੇਦਾਰ ਕੜਕ ਕੇ ਬੋਲਿਆ, "ਤੋ ਤੁਮ ਇਸ ਕੋ ਬਚਾਨੇ ਕੇ ਲੀਏ ਉਠਾ ਕੇ ਲੇ ਗਿਆ ਥਾ !"

ਚਾਰੇ ਪਾਸੇ ਹਾਸੇ ਦਾ ਹੜ੍ਹ ਆ ਗਿਆ। ਵਿਚੋਂ ਕੋਈ ਕਹਿੰਦਾ ਸੀ, "ਸ਼ੁਦਾਈ ਹੈ !" ਕੋਈ ਕਹਿੰਦਾ ਸੀ, "ਮਚਲਾ ਹੈ।" ਪਰ ਗ਼ਫ਼ੂਰ ਰੋਈ ਜਾ ਰਿਹਾ ਸੀ।

"ਦੁਖ-ਸੁਖ" ਵਿਚੋਂ


Sri Satguru Jagjit Singh Ji eLibrary NamdhariElibrary@gmail.com

# ਵਾਪਸੀ

ਮੂਲ ਲੇਖਕ—**ਇੰਤਜ਼ਾਰ ਹੁਸੈਨ**

"ਫੇਰ ?"

ਫੇਰ ਤਥਾਗਤ ਨੇ ਅੱਖਾਂ ਖੋਲ੍ਹੀਆਂ ਅਤੇ ਕਿਹਾ, "ਹੇ ਭਿਖਸ਼ੂਓ, ਇੰਝ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪਹਿਲਾਂ ਵੀ ਹੋ ਚੁਕਾ ਹੈ।" ਇਹ ਸੁਣ ਅਸੀਂ ਸਾਰੇ ਹੈਰਾਨ ਰਹਿ ਗਏ। ਇਕ ਸੰਘੀ ਨੇ ਪੁਛਿਆ ਕਿ ਹੇ ਤਥਾਗਤ ਇੰਝ ਪਹਿਲਾਂ ਕਦੋਂ ਹੋਇਆ ਸੀ ? ਤਥਾਗਤ ਨੇ ਜੁਆਬ ਵਿਚ ਇਕ ਜਾਤਕ ਸੁਣਾਈ ਜੋ ਕਿ ਇਸ ਪਰਕਾਰ ਹੈ।"

"ਬਨਾਰਸ ਦੇ ਸੁੰਦਰ ਨਗਰ ਦੇ ਬਾਹਰ ਇਕ ਮਰਘਟ ਸੀ ਜਿਥੇ ਬਹੁਤ ਸਾਰੇ ਕੁਤੇ ਰਹਿੰਦੇ ਸਨ। ਉਹਨਾਂ ਵਿਚੋਂ ਇਕ ਗੁਰੂ ਸੀ ਦੂਸਰੇ ਸਾਰੇ ਚੇਲੇ ਸਨ। ਸਭ ਚੇਲੇ ਗੁਰੂ ਦਾ ਬਹੁਤ ਆਦਰ ਕਰਦੇ ਸਨ।

ਇਕ ਦਿਨ ਦੀ ਗੱਲ ਹੈ ਕਿ ਰਾਜਾ ਆਪਣੇ ਰੱਥ ਤੇ ਬੈਠ ਕੇ ਸੈਰ ਲਈ ਨਿਕਲਿਆ। ਸੈਰ ਕਰਨ ਉਪਰੰਤ ਸੰਝ ਸਮੇਂ ਘਰ ਪਰਤਿਆ ਤਾਂ ਸੇਵਾਦਾਰਾਂ ਨੇ ਰੱਥ ਦਾ ਸਾਰਾ ਸਾਜ਼ ਬਾਹਰ ਹੀ ਪਿਆ ਰਹਿਣ ਦਿਤਾ। ਰਾਤ ਸਮੇਂ ਵਰਖਾ ਹੋਈ ਤਾਂ ਰੱਥ ਭਿਜ ਗਿਆ। ਇਸ ਰੱਥ ਦੇ ਗੱਦਿਆਂ ਤੇ ਚੰਮ ਮੜ੍ਹਿਆ ਹੋਇਆ ਸੀ। ਰਾਜ ਮਹਿਲ ਦਿਆਂ ਕੁੱਤਿਆਂ ਨੇ ਗਿੱਲਾ ਹੋਇਆ ਚੰਮ ਚੀਰ ਪਾੜ ਕੇ ਖਾ ਲਿਆ।

ਦੂਜੇ ਦਿਨ ਰਾਜੇ ਤੀਕ ਗੱਲ ਪੁਜੀ ਕਿ ਕੁੱਤੇ ਰੱਥ ਦਾ ਚਮੜਾ ਖਾ ਗਏ ਹਨ। ਰਾਜੇ ਨੂੰ ਕਰੋਧ ਆ ਗਿਆ ਅਤੇ ਡੌਂਡੀ ਪਿਟਵਾ ਦਿਤੀ ਕਿ ਜੇਹੜਾ ਵੀ ਕੁਤਾ ਦਿਖਾਈ ਦੇਵੇ ਉਹ ਮਾਰ ਦਿਤਾ ਜਾਵੇ। ਬਸ, ਫੇਰ ਕੀ ਸੀ। ਕੁਤਿਆਂ ਦੀ ਆਫ਼ਤ ਆ ਗਈ। ਪਰ ਇਹ ਸਭ ਦੇ ਸਭ ਮਰਘਟ ਦੇ ਕੁਤੇ ਸਨ। ਰਾਜ ਮਹਿਲ ਦੇ ਕੁਤਿਆਂ ਨੂੰ ਤਾਂ ਕੋਈ ਛਮਕ ਵੀ ਨਹੀਂ ਮਾਰ ਸਕਦਾ ਸੀ। ਕੁੱਤੇ ਜਦੋਂ ਮਾਰੇ ਕੁੱਟੇ ਜਾਣ ਲੱਗੇ ਤਾਂ ਉਹਨਾਂ ਨੇ ਆਪਣੇ ਗੁਰੂ ਦੇ ਪਾਸ ਜਾ ਕੇ ਦੁਹਾਈ ਦਿੱਤੀ ਕਿ ਇਹ ਕੇਹਾ ਅਨਿਆਏ ਹੈ ਕਿ ਪਾਪੀ ਕੁਤੇ ਨਗਰ ਵਿਚ ਦਨਦਨਾਂਦੇ ਭੌਂਕਦੇ ਫਿਰ ਰਹੇ ਹਨ ਅਤੇ ਅਸੀਂ ਮਰਘਟ ਦੇ ਕੁਤੇ ਮਾਰੇ ਜਾ ਰਹੇ ਹਾਂ।"

"ਕਿਸ ਕਾਰਨ ?"

"ਰਾਜ ਆਗਿਆ ਇਹੋ ਹੈ।" ਇਹ ਕਹਿ ਕੇ ਉਹਨਾਂ ਨੇ ਆਪਣੇ ਗੁਰੂ ਨੂੰ ਸਾਰੀ ਬਿਪਤਾ ਕਹਿ ਸੁਣਾਈ।

ਇਹ ਸੁਣ ਕੇ ਗੁਰੂ ਰਾਜ ਮਹਿਲ ਦੇ ਰਾਹ ਪੈ ਗਿਆ। ਰਾਜੇ ਦੇ ਚਾਕਰਾਂ ਨੇ ਉਸਨੂੰ ਬਹੁਤ ਧਤਕਾਰਿਆ। ਪਰ ਉਸ ਨੇ ਸਭ ਅਣਸੁਣੀ ਕਰ ਦਿਤੀ। ਸਿਧਾ ਰਾਜੇ ਦੇ ਸਾਹਮਣੇ ਜਾ ਪੁਜਾ ਅਤੇ ਕਿਹਾ ਕਿ, "ਹੇ ਮਨੁਸ਼ ਜਾਤੀ ਦੇ ਰਾਜਾ. ਕੁਤਿਆਂ ਨੇ ਤੇਰਾ ਕੀ ਵਿਗਾੜਿਆ ਹੈ ਕਿ ਤੂੰ ਉਹਨਾਂ ਦੀਆਂ ਜਾਨਾਂ ਦਾ ਵੈਰੀ ਬਣਿਆ ਹੈ ?

ਰਾਜੇ ਨੂੰ ਬੜਾ ਬੁਰਾ ਲਗਿਆ ਕਿ ਇਕ ਕੁੱਤੇ ਦੀ ਇਹ ਮਜਾਲ ਕਿ ਰਾਜੇ ਦੇ ਮੂੰਹ ਆਵੇ। ਗੁਸੇ ਵਿਚ ਆ ਕੇ ਕਿਹਾ, "ਇਹਨਾਂ ਕੁਤਿਆਂ ਨੇ ਮੇਰੇ ਰੱਥ ਦੇ ਗੱਦੇ ਚੀਰ ਪਾੜ ਕਰਕੇ ਸਾਰਾ ਚੰਮ ਚਬਾ ਛਡਿਆ ਹੈ ਜਿਵੇਂ ਇਹ ਇਹਨਾਂ ਲਈ ਹੀ ਖੁਰਾਕ ਰੱਖੀ ਹੋਵੇ। ਇਸ ਲਈ ਮੈਂ ਆਗਿਆ ਦਿਤੀ ਅਤੇ ਡੌਂਡੀ ਪਿਟਵਾ ਦਿਤੀ ਕਿ ਨਗਰ ਦੇ ਵਿਚ ਦਿਖਾਈ ਦੇਣ ਵਾਲੇ ਸਭ ਕੁਤੇ ਮਾਰ ਦਿਤੇ ਜਾਣ।"

ਗੁਰੂ ਕੁਤੇ ਨੇ ਰਾਜੇ ਨੂੰ ਕਿਹਾ, "ਮਹਾਰਾਜ ਕੀ ਇਹ ਰਾਜ ਆਗਿਆ ਰਾਜ ਮਹਿਲ ਦੇ ਕੁੱਤਿਆਂ ਤੇ ਵੀ ਲਾਗੂ ਹੁੰਦੀ ਹੈ ?"

ਉਹਨਾਂ ਤੇ ਕਿਵੇਂ ਲਾਗੂ ਹੋ ਸਕਦੀ ਹੈ ? ਉਹ ਤਾਂ ਮੇਰੇ ਆਪਣੇ ਕੁੱਤੇ ਹਨ। ਗੁਰੂ ਕੁੱਤੇ ਨੇ ਠੰਡਾ ਸਾਹ ਭਰਿਆ; "ਕਿਹੋ ਜਿਹਾ ਅਨਿਯਾਏ ਹੈ ਕਿ ਅਪਰਾਧੀ ਰਾਜਾ ਦੀ ਸ਼ਰਨ ਵਿਚ ਹਨ, ਜੇਹੜੇ ਨਿਰਦੋਸ਼ ਹਨ ਉਹ ਮਾਰੇ ਜਾ ਰਹੇ ਹਨ।"

"ਹੇ ਕੁਤੇ ਤੂੰ ਕਿਵੇਂ ਜਾਣਿਆ ਕਿ ਰਾਜ ਮਹਿਲ ਦੇ ਕੁਤੇ ਅਪਰਾਧੀ ਹਨ ?"

"ਮਹਾਰਾਜ ਇਹ ਜਾਨਣਾ ਕੇਹੜਾ ਮੁਸ਼ਕਿਲ ਹੈ। ਆਪਣੇ ਕੁਤਿਆਂ ਨੂੰ ਦੁਧ ਵਿਚ ਘਾ ਮਿਲਾ ਕੇ ਪਿਲਾਵੋ। ਹੁਣੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਂਦਾ ਹੈ।"

ਰਾਜੇ ਨੇ ਇਹੋ ਕੀਤਾ। ਬਸ ਫੇਰ ਕੀ ਸੀ ਜੇਹੜਾ ਵੀ ਕੁਤਾ ਦੁੱਧ ਪੀਂਦਾ ਡਾਕਣੀ ਕਰਦਾ ਅਤੇ ਚਮੜੇ ਦੇ ਟੁਕੜੇ ਬਾਹਰ ਆ ਜਾਂਦੇ। ਰਾਜਾ ਇਹ ਦੇਖ ਕੇ ਬਹੁਤ ਕਲਪਿਆ। ਹਾਰ ਕੇ ਉਸ ਨੇ ਮਰਘਟ ਦੇ ਕੁਤਿਆਂ ਨੂੰ ਮਾਫੀ ਦੇ ਦਿਤੀ, ਫੇਰ ਤਾਂ ਗੁਰੂ ਕੁੱਤਾ ਸ਼ੇਰ ਹੋ ਗਿਆ। ਉਸਨੇ ਰਾਜੇ ਨੂੰ ਨੇਕੀ ਦੀ ਸਿਖਸ਼ਾ ਦੇਣੀ ਸ਼ੁਰੂ ਕਰ ਦਿਤੀ। ਰਾਜੇ ਨੇ ਕੁੱਤੇ ਦੀ ਸਿਖਿਆ ਨੂੰ ਪੱਲੇ ਬੰਨ੍ਹਿਆ ਅਤੇ ਉਸਨੂੰ ਆਪਣੀ ਰਾਜਨੀਤੀ ਬਣਾਇਆ। ਅਤੇ ਹੇ ਭਿਖਸ਼ੂਓ, ਇਸ ਸਿਖਿਆ ਦਾ ਅਸਰ



Sri Satguru Jagjit Singh Ji eLibrary NamdhariElibrary@gmail.com

ਲਖ ਵਰ੍ਹਿਆਂ ਤਕ ਰਿਹਾ ਅਤੇ ਲਖ ਵਰ੍ਹੇ ਤੀਕ ਬਨਾਰਸ ਵਿਚ ਨਿਜਾਏ ਹੁੰਦਾ ਰਿਹਾ ਤੇ ਸੁਖ ਚੈਨ ਰਿਹਾ।"

ਤਥਾਗਤ ਜਾਤਕ ਸੁਣਾ ਕੇ ਚੁੱਪ ਹੋ ਗਏ। ਸਾਡੇ ਵਲ ਨੂੰ ਦੇਖਿਆ। ਫੇਰ ਮੁਸਕਰਾਏ ਅਤੇ ਬੋਲੇ, "ਹੇ ਭਿਖਸ਼ੂਓ, ਉਹ ਕੁਤਾ ਮੈਂ ਸੀ।"

"ਹੇ ਤਥਾਗਤ, ਤੁਸੀਂ ?" ਅਸੀਂ ਸਾਰੇ ਹੈਰਾਨ ਹੋਏ।

"ਹਾਂ ਮੈਂ, ਰਾਜਾ ਆਨੰਦ ਸੀ। ਕੁਤਿਆਂ ਦਾ ਗੁਰੂ ਮੈਂ ਸੀ। ਮਰਘੱਟ ਦੇ ਬਾਕੀ ਕੁਤੇ ਤੁਸੀਂ ਸੋ।"

"ਅਸੀਂ ?"

"ਹਾਂ ਤੁਸੀਂ, ਆਪਣੇ ਕਰਮਾਂ ਦੇ ਕਾਰਨ ਅੱਗੇ ਚੱਲ ਕੇ ਆਦਮੀ ਦਾ ਜਨਮ ਲਿਆ ਅਤੇ ਫੇਰ ਤੁਸੀਂ ਮੇਰੇ ਭਿਖਸ਼ੂ ਬਣੇ।"

"ਅਤੇ ਰਾਜ ਮਹਿਲ ਦੇ ਕੁਤੇ ?" ਇਕ ਭਿਖਸ਼ੂ ਨੇ ਪੁਛਿਆ।

"ਉਹ ਅੱਜ ਵੀ ਕੁੱਤੇ ਹੀ ਹਨ।"

ਅਗਰਸੈਨ ਤੋਂ ਇਹ ਜਾਤਕ ਸੁਣ ਕੇ ਸਭ ਭਿਖਸ਼ੂ ਬਹੁਤ ਹੈਰਾਨ ਹੋਏ। ਗੋਬਿੰਦ ਤਾਂ ਬਿਲਕੁਲ ਗੁੰਮ ਸੁੰਮ ਹੋ ਗਿਆ। ਕੁਝ ਚਿਰ ਬਾਅਦ ਉਹਨੇ ਠੰਡਾ ਸਾਹ ਭਰਿਆ ਅਤੇ ਕਹਿਣ ਲੱਗਾ, "ਉਹ ਕਿਹੋ ਜਿਹਾ ਮੰਗਲ ਸਮਾਂ ਸੀ ਅਸੀਂ ਮਰਘਟ ਦੇ ਕੁਤੇ ਸੀ ਅਤੇ ਤਥਾਗਤ ਸਾਡੇ ਸੰਗ ਸਨ। ਸਾਡੇ ਹੀ ਕਾਰਨ ਤਾਂ ਉਹਨਾਂ ਨੇ ਉਹ ਜਨਮ ਲਿਆ ਸੀ। ਉਹਨਾਂ ਨੇ ਕੈਸੀ ਜੋਤੀ ਜਗਾਈ ਸੀ ਕਿ ਕੁੱਤੇ ਵੀ ਆਦਮੀ ਬਣ ਗਏ ਅਤੇ ਹੁਣ ਜਦੋਂ ਕਿ ਅਸੀਂ ਆਦਮੀ ਦੇ ਜਨਮ ਵਿਚ ਹਾਂ ਤਾਂ ਆਦਮੀ ਆਦਮੀ ਨਹੀਂ ਰਹੇ। ਬਾਹਰੋਂ ਆਦਮੀ ਦਿਸਦੇ ਹਨ, ਪਰ ਅੰਦਰੋਂ......।"

ਅਗਰਸੈਨ ਨੇ ਗੱਲ ਕੱਟਦਿਆਂ ਕਿਹਾਂ, "ਮਿੱਤਰ, ਇਹ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪੂਰਬ ਵੀ ਹੋ ਚੁਕਾ ਹੈ।

"ਪਹਿਲਾਂ ਕਦੋਂ ਇੰਝ ਹੋਇਆ ਸੀ ?"

"ਉਸ ਸਮੇਂ ਜਦੋਂ ਸਾਡੇ ਬੁਧ ਦੇਵ ਜੀ ਨੇ ਬਨਾਰਸ ਦੇ ਰਾਜ ਮਹਿਲ ਵਿਚ ਜਨਮ ਲਿਆ ਸੀ।

"ਸੰਘੀ, ਇਹ ਕਦੋਂ ਦੀ ਗੱਲ ਦੱਸ ਰਿਹਾ ਹੈਂ ਤੂੰ। ਅਤੇ ਤੈਨੂੰ ਕਿਵੇਂ ਪਤਾ ਲਗਾ ਕਿ ਬੁਧ ਦੇਵ ਜੀ ਨੇ ਬਨਾਰਸ ਦੇ ਰਾਜ ਮਹਿਲ ਵਿਚ ਜਨਮ ਲਿਆ ਸੀ ?"

"ਸੰਘੀਓ, ਮੈਂ ਜੋ ਕੁਝ ਕਹਿ ਰਿਹਾ ਹਾਂ ਉਹ ਕੁਝ ਮੈਂ ਖੁਦ ਤਥਾਗਤ ਦੀ ਜ਼ਬਾਨੀ ਸੁਣਿਆ ਹੈ।" ਅਤੇ ਫੇਰ ਅਗਰਸੈਨ ਨੇ ਇਕ ਜਾਤਕ ਸੁਣਾਈ, ਜੋ ਕਿ ਇਸ ਪਰਕਾਰ ਹੈ—

ਬੀਤੇ ਜੁਗ ਦੀ ਗਲ ਹੈ ਕਿ ਬਨਾਰਸ ਦੇ ਰਾਜ ਸਿੰਘਾਸਨ ਤੇ ਟਾਜਾ ਜਨਿੰਦਾ ਬਰਾਜਮਾਨ ਸੀ ਅਤੇ ਰਾਜ ਮਹਿਲ ਵਿਚ ਸਾਡੇ ਬੁਧ ਦੇਵ ਜੀ, ਜੋ ਕਿ ਅਜੇ ਬੋਧੀਸਤਵ ਸਨ, ਰਾਜਕੁਮਾਰ ਦੇ ਰੂਪ ਵਿਚ ਬਰਾਜਦੇ ਸਨ। ਰੂਪ ਅਨੂਪ, ਮੁੱਖ ਚੰਦਰਮਾ ਜਿਹਾ। ਪਿਤਾ ਨੇ ਉਹਨਾਂ ਨੂੰ ਤਿੰਨੋਂ ਵੇਦ ਮਾਨੋ ਘੋਲ ਕੇ ਪਿਲਾ ਦਿਤੇ ਸਨ ਅਤੇ ਸਾਰੀ ਵਿਦਿਆ ਪੜ੍ਹਾ ਦਿਤੀ ਸੀ। ਪਰ ਅਜੇ ਰਾਜਕੁਮਾਰ ਨੂੰ ਸੱਤਵਾਂ ਵਰ੍ਹਾ ਹੀ ਲੱਗਾ ਸੀ ਕਿ ਜਨਿੰਦਾ ਪਰਾਣ ਤਿਆਗ ਕੇ ਬੈਕੁੰਠ ਨੂੰ ਸਿਧਾਰੇ।

ਰਾਜ ਸਿੰਘਾਸਨ ਤੇ ਹੁਣ ਰਾਜਕੁਮਾਰ ਨੇ ਬੈਠਣਾ ਸੀ ਅਤੇ ਰਾਜਾ ਬਨਣਾ ਸੀ, ਪਰ ਮੰਤਰੀ ਦੇ ਮਨ ਵਿਚ ਖੋਟ ਸੀ। ਉਹਨੇ ਇਹ ਕਹਿਕੇ ਪੁਆੜਾ ਖੜ੍ਹਾ ਕਰ ਦਿਤਾ ਕਿ ਰਾਜਕੁਮਾਰ ਜੀ ਬਾਲੀ ਉਮਰ ਦੇ ਹਨ, ਰਾਜ ਦੇ ਕੰਮਾਂ ਨੂੰ ਕਿਵੇਂ ਨਿਭਾਉਣਗੇ ? ਦਰਬਾਰੀਆਂ ਵਿਚ ਭਲੇ ਲੋਕ ਵੀ ਸਨ। ਉਹ ਕਹਿੰਦੇ ਸਨ ਕਿ ਰਾਜਕੁਮਾਰ ਵਿਦਿਆ ਵਿਚ ਨਿਪੁੰਨ ਹਨ...ਪਰਜਾ ਦੇ ਮਨਾਂ ਵਿਚ ਵਸੇ ਹੋਏ ਹਨ...ਰਾਜ ਕਰਨ ਲਈ ਹੋਰ ਕੀ ਲੋੜੀਂਦਾ ਹੈ ? ਖੋਟੇ ਮਨ ਵਾਲੇ ਮੰਤਰੀ ਨੇ ਕਿਹਾ—ਠੀਕ ਹੈ, ਜੇਕਰ ਇਹ ਗੱਲ ਹੈ ਤਾਂ ਹੱਥ ਕੰਗਨ ਨੂੰ ਆਰਸੀ ਕੀ, ਹੁਣੇ ਪਰਖ ਲੈਂਦੇ ਹਾਂ। ਉਹ ਇਕ ਬਾਂਦਰ ਨੂੰ ਸ਼ਾਲ ਦੋਸ਼ਾਲੇ ਵਿਚ ਸਜਾ ਕੇ ਦੋ ਲੱਤਾਂ ਤੇ ਚਲਾ ਕੇ ਰਾਜਕੁਮਾਰ ਦੇ ਪਾਸ ਲਿਆਇਆ ਤੇ ਕਿਹਾ, ਹੇ ਰਾਜਕੁਮਾਰ, ਇਹ ਪੁਰਸ਼ ਬਹੁਤ ਵਿਦਵਾਨ ਹੈ...ਰਾਜ-ਕਾਰਜ ਵਿਚ ਤੁਹਾਡੀ ਬਹੁਤ ਸਹਾਇਤਾ ਕਰੇਗਾ...ਇਹਨੂੰ ਆਪਣੇ ਮੰਤਰੀ ਮੰਡਲ ਵਿਚ ਲੈ ਲਵੋ। ਬੋਧੀਸਤਵ ਨੇ ਉਹਨੂੰ ਸਿਰ ਤੋਂ ਪੈਰਾਂ ਤੀਕ ਦੇਖਿਆ ਅਤੇ ਮੰਤਰੀ ਨੂੰ ਕਿਹਾ—ਮੰਤਰੀ ਜੀ, ਜਿਸ ਦੇਸ਼ ਵਿਚ ਬਾਂਦਰ ਮੰਤਰੀ ਬਣ ਜਾਣ ਉਸ ਦੇਸ਼ ਦੀ ਭਲਾ ਕੀ ਦਸ਼ਾ ਹੋਵੇਗੀ ? ਇਹੋ ਨਾ ਕਿ ਪਰਜਾ ਦੁਖੀ ਹੋਵੇਗੀ ਅਤੇ ਰਾਜ ਚੌਪਟ ਹੋ ਜਾਵੇਗਾ।

ਮੰਤਰੀ ਕੱਚਾ ਜਿਹਾ ਹੋ ਕੇ ਚਲਿਆ ਗਿਆ, ਪਰ ਤੀਜੇ ਦਿਨ ਫ਼ੇਰ ਆਇਆ। ਇਸ ਵਾਰ ਉਹ ਬਾਂਦਰ ਨੂੰ ਪਗੜੀ ਧੋਤੀ ਬੰਨ੍ਹਵਾ ਕੇ ਲਿਆਇਆ ਅਤੇ ਕਿਹਾ—"ਹੇ ਰਾਜਕੁਮਾਰ, ਇਹ ਪੁਰਸ਼ ਤੁਹਾਡੇ ਪਿਤਾ ਦੇ ਰਾਜ ਵਿਚ ਨਿਆਇਕ ਸੀ। ਚਾਰੋਂ ਦਿਸ਼ਾਵਾਂ ਇਸ ਦੇ ਨਿਆਂ ਦੇ



Sri Satguru Jagjit Singh Ji eLibrary NamdhariElibrary@gmail.com

ਚਰਚੇ ਸਨ। ਆਪ ਵੀ ਇਹਨੂੰ ਨਿਆਇਕ ਬਣਾਓ ਅਤੇ ਪਰਜਾ ਵਲੋਂ ਬੇਫਿਕਰ ਹੋ ਜਾਵੋ।"

ਬੋਧੀਸਤਵ ਨੇ ਨੀਝ ਲਾਕੇ ਉਹਨੂੰ ਦੇਖਿਆ, ਸਮਝ ਗਏ ਕਿ ਇਹ ਮਾਨੁਸ਼ ਨਹੀਂ ਹੈ। ਬੋਲੇ—ਮਿੱਤਰ ਕਦੇ ਬਾਂਦਰ ਵੀ ਨਿਆਇਕ ਹੋਏ ਹਨ?

ਮੰਤਰੀ ਦਾ ਸਾਰਾ ਪੋਲ ਖੁਲ੍ਹ ਗਿਆ। ਦਰਬਾਰੀਆਂ ਨੇ ਉਸ ਦੀ ਬਹੁਤ ਬੇਹੱਜ਼ੀ ਕੀਤੀ ਅਤੇ ਬੋਧੀਸਤਵ ਨੂੰ ਸਿੰਘਾਸਨ ਤੇ ਬੈਠਾ ਦਿਤਾ। ਬੋਧੀਸਤਵ ਨੇ ਬਹੁਤ ਸਮਝਦਾਰੀ ਦੇ ਨਾਲ ਰਾਜ ਕੀਤਾ ਅਤੇ ਪਰਜਾ ਨੂੰ ਨੇਕੀ ਦੀ ਸਿਖਿਆ ਦਿਤੀ। ਇਸ ਸਿਖਿਆ ਦਾ ਲਖ ਵਰ੍ਹੇ ਚਰਚਾ ਰਿਹਾ। ਲਖ ਵਰ੍ਹੇ ਤੀਕ ਲੋਕਾਂ ਨੇ ਆਦਮੀ ਅਤੇ ਬਾਂਦਰ ਦੇ ਅੰਤਰ ਨੂੰ ਯਾਦ ਰਖਿਆ ਅਤੇ ਸੁਖੀ ਰਹੇ।

ਅਗਰਸੇਨ ਜਾਤਕ ਸੁਣਾ ਕੇ ਚੁੱਪ ਹੋ ਗਿਆ। ਭਿਖਸ਼ੂਆਂ ਨੇ ਸਿਰ ਝੁਕਾ ਲਏ ਅਤੇ ਅੰਤਰ ਧਿਆਨ ਹੋਏ ਰਹੇ। ਕੁਝ ਚਿਰ ਮਗਰੋਂ ਗੋਬਿੰਦ ਨੇ ਸਿਰ ਚੁਕਿਆ ਅਤੇ ਪੁਛਿਆ, ਗਿਆਨੀ ਅਗਰਸੇਨ, ਕੀ ਲੱਖ ਵਰ੍ਹੇ ਪੂਰੇ ਹੋ ਚੁਕੇ ਹਨ?"

ਅਗਰਸੇਨ ਨੇ ਉਤਰ ਦਿਤਾ, "ਅਗਿਆਨੀ, ਤੂੰ ਦੇਖ ਨਹੀਂ ਰਿਹਾ ਕਿ ਦੁਨੀਆਂ ਦੀ ਕੀ ਦਸ਼ਾ ਹੋ ਗਈ ਹੈ ਅਤੇ ਲੋਕ ਕਿਹੋ ਜਹੇ ਮੂਰਖ ਹੋ ਗਏ ਹਨ। ਫੇਰ ਵੀ ਤੂੰ ਪੁਛਦਾ ਹੈਂ ਕਿ ਕੀ ਲੱਖ ਵਰ੍ਹੇ ਪੂਰੇ ਹੋ ਗਏ ਹਨ। ਓਏ, ਉਹ ਪੂਰੇ ਨਾ ਹੋ ਗਏ ਹੁੰਦੇ ਤਾਂ ਦੁਨੀਆਂ ਦੀ ਇਹੋ ਜਹੀ ਦੁਰਗਤ ਬਣਦੀ?"

ਗੋਬਿੰਦ ਚੁੱਪ ਹੋ ਗਿਆ ਅਤੇ ਵਿਚਾਰਾਂ ਵਿਚ ਡੁੱਬ ਗਿਆ। ਉਹਨਾਂ ਵਿਚਾਰਾਂ ਵਿਚ ਉਹਨੂੰ ਇਕ ਨਿਰਾਲੀ ਲਹਿਰ ਆਈ। ਬੋਲਿਆ, ਪ੍ਰਭੂ, ਆਪਾਂ ਪਰਤ ਨਾ ਚੱਲੀਏ?"

"ਕਿਥੇ?"

"ਬਨਾਰਸ ਦੇ ਮਰਘਟ 'ਤੇ।"

ਅਗਰਸੇਨ ਨੇ ਉਹਨੂੰ ਘੂਰਕੇ ਦੇਖਿਆ, "ਮੂਰਖ, ਅਸੀਂ ਲੱਖ ਵਰ੍ਹਿਆਂ ਤਕ ਜਨਮ ਜਨਮ ਦੇ ਕਸ਼ਟ ਭੋਗੇ ਹਨ ਤਦ ਕਿਤੇ ਮੁੜ ਆਦਮੀ ਬਣੇ ਹਾਂ। ਤੂੰ ਸਾਨੂੰ ਮੁੜ ਬੀਤੇ ਜਨਮ ਵਿਚ ਲੈ ਜਾਣਾ ਚਾਹੁੰਦਾ ਹੈ?"

"ਅਸੀਂ ਆਦਮੀ ਤਾਂ ਬਣ ਗਏ ਪਰ...।" ਉਹ ਕੁਝ ਕਹਿਣ ਲਗਾ ਕਿ ਰੁਕ ਗਿਆ ਅਤੇ ਇੰਝ ਰੁਕਿਆ ਕਿ ਦੇਰ ਤਕ ਕੋਈ ਵੀ ਗੱਲ ਨਾ ਕੀਤੀ। ਪਰ ਉਸ ਦੇ ਅੰਦਰ ਇਕ ਖੱਲਬਲੀ ਮਚੀ ਹੋਈ ਸੀ। ਰਹਿ ਰਹਿ ਕੇ ਸੋਚਦਾ ਕਿ ਲੱਖ ਵਰ੍ਹੇ ਬੀਤ ਗਏ। ਇਹਨਾਂ ਲੱਖ ਵਰ੍ਹਿਆਂ ਵਿਚ ਮੈਂ ਕਿੰਨੇ ਜਨਮ ਲਏ ਅਤੇ ਕਸ਼ਟ ਭੋਗੇ। ਅੰਤ ਵਿਚ ਆਦਮੀ ਦਾ ਜਨਮ ਲਿਆ। ਪਰ ਇਸ ਜਨਮ ਵਿਚ...... ਇਹ ਸੋਚਦਿਆਂ ਸੋਚਦਿਆਂ ਉਹ ਦੁਖੀ ਹੋ ਗਿਆ।

ਵਿਆਕਲ ਮਨ ਅਤੇ ਦੁਖੀ ਆਤਮਾ ਨਾਲ ਦੇਰ ਤੀਕ ਉਹ ਅੱਖਾਂ ਮੀਟ ਕੇ ਗੁੰਮਸੁੰਮ ਬੈਠਾ ਰਿਹਾ। ਇਸ ਸਮੇਂ ਦੇ ਜਨਮ ਦੇ ਧਿਆਨ ਨੇ ਉਹਨੂੰ ਬਹੁਤ ਦੁਖੀ ਅਤੇ ਵਿਆਕੁਲ ਕਰ ਦਿਤਾ ਸੀ। ਹੁੰਦਾ ਹੁੰਦਾ ਉਹਦਾ ਧਿਆਨ ਪਿਛਲੇ ਜਨਮ ਵਲ ਨੂੰ ਗਿਆ। ਹੋਲੀ ਹੋਲੀ ਉਹਨੂੰ ਜਾਪਿਆ ਕਿ ਲੱਖ ਵਰ੍ਹੇ ਸਾਹਮਣੇ ਆ ਖੜੇ ਹੋਏ ਹਨ। ਅਣਗਿਣਤ ਜਨਮਾਂ ਦੇ ਸੰਗ ਹੀ ਧਿਆਨ ਹੀ ਧਿਆਨ ਵਿਚ ਉਹ ਪਿਛਲੇ ਪੈਰੀਂ ਤੁਰਨ ਲੱਗਾ। ਇਸ ਜਨਮ ਤੋਂ ਪਿਛਲੇ ਜਨਮ, ਪਿਛਲੇ ਜਨਮ ਤੋਂ ਹੋਰ ਪਿਛਲੇ ਜਨਮ ਵਿਚ, ਫੇਰ ਹੋਰ ਪਿਛਲੇ ਜਨਮ ਵਿਚ। ਧਿਆਨ ਹੀ ਧਿਆਨ ਵਿਚ ਉਸ ਤੇ ਸਾਰੇ ਪਿਛਲੇ ਜਨਮ ਬੀਤ ਗਏ ਅਤੇ ਉਹ ਬਨਾਰਸ ਦੇ ਮਰਘੱਟ ਦੇ ਲਾਂਘੇ ਤੇ ਖੜੋਤਾ ਹੈ। ਉਹ ਚੌਂਕ ਪਿਆ।

ਗੋਬਿੰਦ ਨੇ ਅੱਖਾਂ ਖੋਲ੍ਹੀਆਂ। ਆਸੇ-ਪਾਸੇ ਵੱਲ ਦੇਖਿਆ। ਸਾਰੇ ਭਿਖਸ਼ੂ ਅੰਤਰ-ਧਿਆਨ ਸਨ, ਗੁੰਮ ਸੁੰਮ ਬੈਠੇ ਸਨ। ਅਗਰਸੇਨ ਵੀਰ ਆਸਣ ਮਾਰੀ ਅੱਖਾਂ ਮੀਟੀ ਧਿਆਨ ਸਾਗਰ ਵਿਚ ਡੁਬਿਆ ਹੋਇਆ ਸੀ। ਉਸੇ ਸਮੇਂ ਉਹਨੂੰ ਦੁਨੀਆਂ ਬਹੁਤ ਉਜਾੜ ਦਿਖਾਈ ਦਿਤੀ। ਬਨਾਰਸ ਦਾ ਮਹਾਂ ਸ਼ਮਸ਼ਾਨ ਆਪਣੇ ਵਾਸੀਆਂ ਸਮੇਤ ਉਸ ਦੀਆਂ ਅੱਖਾਂ ਵਿਚ ਘੁੰਮ ਰਿਹਾ ਸੀ। "ਮੈਂ ਮਰਘਟ ਦਾ ਵਾਸੀ ਮਰਘਟ ਤੋਂ ਦੂਰ ਇਸ ਸੰਸਾਰ ਵਿਚ ਅਜਨਬੀ ਹਾਂ।" ਉਸ ਦੇ ਅੰਦਰ ਇਕ ਲਹਿਰ ਉੱਠੀ ਅਤੇ ਉਹ ਆਪਣਾ ਭਗਵਾਂ ਬਾਣਾ ਪਹਿਨ, ਭਿਖਸ਼ਾ ਪਾਤਰ ਸੰਭਾਲ ਕੇ ਉਠ ਖੜੋਤਾ।

ਅਗਰਸੇਨ ਨੇ ਅੱਖਾਂ ਖੋਲ੍ਹਕੇ ਦੇਖਿਆ, "ਬੰਧੂ, ਕਿਧਰ ਨੂੰ ਜਾਣ ਦੇ ਵਿਚਾਰ ਵਿਚ ਹੋ?"

"ਬਨਾਰਸ ਦੇ ਮਰਘਟ ਦੇ ਵੱਲ ਨੂੰ।"

"ਬਨਾਰਸ ਦੇ ਮਰਘਟ ਦੇ ਵੱਲ ਨੂੰ?"

"ਹਾਂ, ਬਨਾਰਸ ਦੇ ਮਰਘਟ ਦੇ ਵੱਲ ਨੂੰ।" ਅਤੇ ਉਹ ਪਿਛਾਂਹ ਨੂੰ ਦੇਖੇ ਬਿਨਾਂ ਛੇਤੀ ਛੇਤੀ ਤੁਰਦਾ ਸੰਗੀਆਂ ਦੀਆਂ ਅੱਖਾਂ ਤੋਂ ਓਹਲੇ ਚਲਿਆ ਗਿਆ।

ਪੰਜਾਬੀ ਰੂਪ—**ਸੁਰਜੀਤ ਖੁਰਸ਼ੀਦੀ**
ਸ੍ਰੀ ਭੈਣੀ ਸਾਹਿਬ (ਲੁਧਿਆਣਾ)



Sri Satguru Jagjit Singh Ji eLibrary NamdhariElibrary@gmail.com

ਵਿਸਾਖੀ ਨਾਲ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਜੁੜਿਆ ਪਿਆ ਹੈ ਅਤੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨਾਲ ਸ਼ਹੀਦ ਊਧਮ ਸਿੰਘ ਦਾ ਨਾਮ। ਪੂਰੇ ਵੀਹ ਵਰ੍ਹੇ ਦੀ ਉਡੀਕ ਬਾਅਦ ਸਰਦਾਰ ਊਧਮ ਸਿੰਘ ਨੇ ਲੰਡਨ ਦੇ ਕੈਕਸਟਨ ਹਾਲ ਵਿਚ ਪੰਜਾਬ ਦੇ ਸਾਬਕਾ ਲੈਫ: ਗਵਰਨਰ, ਸਰ ਮਾਈਕਲ ਓਡਵਾਇਰ ਨੂੰ ਪਿਸਤੌਲ ਦੀਆਂ ਗੋਲੀਆਂ ਨਾਲ ਠੰਡਾ ਕਰ ਦਿਤਾ ਸੀ ਅਤੇ ਪੰਜਾਬੀ ਅਣਖ ਦੀ ਕਹਾਣੀ ਦੁਹਰਾਈ ਸੀ।

ਪੰਜਾਬੀ ਕਵੀਆਂ ਨੇ ਵੀ ਇਸ ਮਜਮੂਨ ਉਤੇ ਆਪਣੀਆਂ ਕਲਮਾਂ ਚਲਾਈਆਂ ਨੇ। ਸਵਰਗੀ ਸਰਦਾਰ ਕਰਤਾਰ ਸਿੰਘ ਬਲੱਗਣ ਲੰਬੇ ਸਮੇਂ ਤਕ ਪੰਜਾਬੀ ਕਵੀ ਦਰਬਾਰਾਂ ਦੀ ਸਟੇਜ ਦਾ ਸ਼ਿੰਗਾਰ ਰਿਹਾ। ਬਲੱਗਣ ਜੀ ਵਲੋਂ ਸ਼ਹੀਦ ਊਧਮ ਸਿੰਘ ਬਾਰੇ ਲਿਖੀ ਮਸ਼ਹੂਰ ਕਵਿਤਾ ਅਸੀਂ ਇਥੇ ਪ੍ਰਕਾਸ਼ਤ ਕਰ ਰਹੇ ਹਾਂ।

ਜਿਵੇਂ ਅਸੀਂ ਵਰਿਆਮ ਵਿਚ ਹਰ ਮਹੀਨੇ ਇਕ ਚੋਣਵੀਂ ਕਹਾਣੀ ਛਾਪਦੇ ਹਾਂ, ਅੱਗੋਂ ਤੋਂ ਪੰਜਾਬੀ ਦੀਆਂ ਮਸ਼ਹੂਰ ਕਵਿਤਾਵਾਂ ਵੀ ਛਾਪਿਆ ਕਰਾਂਗੇ।

—ਸੰਪਾਦਕ

# ਸ਼ਹੀਦ ਊਧਮ ਸਿੰਘ

—ਕਰਤਾਰ ਸਿੰਘ ਬਲੱਗਣ

ਊਧਮ ਸਿੰਘ ਸਰਦਾਰ ਨੇ ਮਾਰ ਗੋਲੀ,
ਡਿੱਠਾ ਜਦੋਂ ਹਿਲਣੋਂ ਮੁੜੀ ਰਹਿ ਗਿਆ ਏ।
ਲੱਗਾ ਕਹਿਣ ਨੀ ਅਣਖੇ ਪੰਜਾਬ ਦੀਏ,
ਤੇਰਾ ਕਰਜ਼ ਮੇਰੇ ਸਿਰ ਤੋਂ ਲਹਿ ਗਿਆ ਏ।

ਪੰਜ ਵਾਰ ਪਿਸਤੌਲ ਨੂੰ ਚੁੰਮ ਕੇ ਤੇ,
ਕਿਹਾ ਤੇਰਾ ਸਤਿਕਾਰ, ਰਵਾ, ਸੱਜਣਾ।
ਵੀਹ ਵਰ੍ਹੇ ਤੈਨੂੰ ਹਿੱਕ ਤੇ ਧਰੀ ਫਿਰਿਆ,
ਲੱਗਾ ਹੋਣ ਅੱਜ ਤੈਥੋਂ ਜੁਦਾ, ਸੱਜਣਾ।

ਮੇਰਾ ਕਰਜ਼ ਲੁਹਾਉਣ ਵਿਚ ਹੱਥ ਤੇਰਾ,
ਮੇਰੀਆਂ ਤੂੰ ਲਾਹੀਆਂ ਜ਼ਿੰਮੇਵਾਰੀਆਂ ਨੇ।
ਸਦਾ ਤੇਰੇ ਤੇ ਮਾਣ ਹੈ ਅਣਖੀਆਂ ਨੂੰ,
ਮਰਦਾਂ ਨਾਲ ਤੇਰੀਆਂ ਮੁੱਢੋਂ ਯਾਰੀਆਂ ਨੇ।

ਟੋਟਾ ਲੋਹੇ ਦਾ ਆਖਦੇ ਲੋਕ ਤੈਨੂੰ,
ਪਰ ਤੂੰ ਦਿਲ ਦੀ ਬੇਦਰਦੀ ਤੇ ਮਾਣ ਕਰਨੈਂ।
ਭਾਵੇਂ ਚੰਦਰੀ ਮੌਤ ਦਾ ਰੂਪ ਏਂ ਤੂੰ,
ਕਦੀ ਕਦੀ ਪਰ ਜੀਵਨ ਵੀ ਦਾਨ ਕਰਨੈਂ।

ਜਿਹੜੀ ਅੱਜ ਪਿਆਈ ਮੈਂ ਰੱਤ ਤੈਨੂੰ,
ਸਮਝੀਂ ਜਾਮ ਇਹ ਅਣਖੀ ਸ਼ਰਾਬੀਆਂ ਦੇ।
ਸੀਨੇ ਏਸ ਕਮਬਖ਼ਤ ਦੇ ਛੇਕ ਪਾ ਕੇ,
ਸੀਤੇ ਦਿਲ ਤੂੰ ਲੱਖਾਂ ਪੰਜਾਬੀਆਂ ਦੇ।

ਆਖੀਂ ਧੌਣ ਉਚੀ ਕਰਕੇ ਉਮਰ ਭਰ ਤੂੰ,
ਕਿਸੇ ਮਰਦ ਨੇ ਤੈਨੂੰ ਵੰਗਾਰਿਆ ਸੀ।
ਜਿਦ੍ਹੇ ਨਾਲ ਕਰੋੜਾਂ ਦੀ ਅਣਖ ਜੀ ਪਈ,
ਇਕ ਮੈਂ ਐਸੇ ਮਰ ਜਾਣੇ ਨੂੰ ਮਾਰਿਆ ਸੀ।

ਫਿਰ ਪਸਤੌਲ ਫੜਾ ਕੇ ਕਹਿਣ ਲੱਗਾ,
ਓ ਵਪਾਰੀਓ, ਸਾਂਵਾਂ ਵਿਹਾਰ ਕਰ ਲਓ।
ਆਓ ਬੁਜ਼ਦਿਲੋ ! ਮਾਰ ਲਓ ਹੱਥਕੜੀਆਂ,
ਚਿਤ ਕਰਦੇਤਾਂ ਸੀਨੇ ਤੇ ਵਾਰ ਕਰ ਲਓ।



Sri Satguru Jagjit Singh Ji eLibrary NamdhariElibrary@gmail.com

ਪਾ ਕੇ ਘੂਰੀ ਪਰ ਵੇਖੋ ਨਾ ਸੜੇ ਮੱਥੇ,
ਮੈਂ ਕੋਈ ਕਿਲ੍ਹਾ ਤੁਹਾਡਾ ਨਾ ਤੋੜਿਆ ਏ ।

ਇਹਨੂੰ ਸਮਝੋ ਨਾ ਦੋਸਤੋ ਨਵੀਂ ਭਾਜੀ,
ਅਜੇ ਸਾਂਵਾਂ ਨਿਉਂਦਰਾ ਮੋੜਿਆ ਏ ।

ਲੈਣਾ ਲਓ, ਦੇਣਾ ਦਿਓ, ਖ਼ੁਦਗਰਜ਼ੋ,
ਕਿਹੜੀ ਗੱਲ ਉਤੇ ਚੀਗ੍ਹਾ ਛੱਟਦੇ ਓ ।

ਬਦਲੇ ਸੈਆਂ ਨਿਰਦੋਸ਼ਾਂ ਦੇ ਇਕ ਮੋਇਐ,
ਤੁਸੀਂ ਅਜੇ ਵੀ ਨੱਕ ਪਏ ਵੱਟਦੇ ਓ ।

ਭਗਤ ਸਿੰਘ ਹੁੰਦਾ ਜੇਕਰ ਥਾਂ ਮੇਰੀ,
ਪਿਛਲੇ ਵਹੀ ਖਾਤੇ ਸਾਰੇ ਫੋਲ ਲੈਂਦਾ ।

ਜਲ੍ਹਿਆਂ ਵਾਲੇ ਦੇ ਬਾਗ਼ ਤੋਂ ਸਾਂਵੀਆਂ ਉਹ,
ਲਾਸ਼ਾਂ ਗਿਣ ਲੈਂਦਾ ਲਹੂ ਡੋਲ ਲੈਂਦਾ ।

ਸਾਡੀ ਇੱਜ਼ਤ ਨੂੰ ਗੋਲੀਆਂ ਮਾਰੀਆਂ ਸੂ,
ਛੇਕੋ ਛੇਕ ਪੰਜਾਬ ਦੀ ਪੌਣ ਹੋ ਗਈ ।

ਪਰ ਮੈਂ ਸੀਸ ਦੇ ਕੇ ਅੱਜ ਮਹਿਸੂਸ ਕਰਨਾ,
ਉਚੀ ਪੰਜਾਂ ਦਰਿਆਵਾਂ ਦੀ ਧੌਣ ਹੋ ਗਈ ।

ਗਈ ਹੋਈ ਆਜ਼ਾਦੀ ਤੇ ਪਰਤ ਆਉਂਦੀ,
ਰਹਿੰਦਾ ਸਦਾ ਗੁਲਾਮੀ ਦਾ ਪੱਖ ਵੀ ਨਹੀਂ ।

ਜੇਹੜੀ ਕੌਮ ਪਰ ਅਣਖ ਗੁਆ ਛੱਡੇ,
ਉਹਦੇ ਕੋਲ ਸਮਝੋ ਰਿਹਾ ਕੱਖ ਵੀ ਨਹੀਂ ।

ਜਿਹੜੀ ਮਾਂ ਨੇ ਨੂੰਹ ਦੇ ਬਾਗ਼ ਖਾਤਰ,
ਪਲਕਾਂ ਜਿਹਾ ਨਿੱਕਾ ਸੂਤਰ ਕੱਤਿਆ ਸੀ ।

ਬਦਲਾ ਪੁੱਤ ਦਾ ਲੈਣ ਲਈ ਓਸ ਮੈਨੂੰ,
ਮਾਂ ਦੇ ਦੁੱਧ ਦਾ ਵਾਸਤਾ ਘੱਤਿਆ ਸੀ ।

ਥਿਤ ਲਾਵਾਂ ਦੇ ਗਿਣਦੀ ਮੁਟਿਆਰ ਜਿਹੜੀ,
ਜਿਦ੍ਹੀ ਮਾਂਗ ਨਾ ਜੂਠਾ ਸੰਧੂਰ ਕੀਤਾ ।

ਮਹਿੰਦੀ ਖੂਨੋਂ ਉਹਦੇ ਹੱਥਾਂ ਕੋਰਿਆਂ ਨੇ,
ਇਹਦੀ ਰੱਤ ਲਈ ਮੈਨੂੰ ਮਜਬੂਰ ਕੀਤਾ ।

ਪੰਜ ਪੀਰ ਨੇ ਪੰਜ ਦਰਿਆ ਸਾਡੇ,
ਉਹਨਾਂ ਕਿਹਾ ਸੀ ਬਾਪਣਾਂ ਮਾਰ ਕੇ ਤੇ ।

ਸਾਡੀ ਅਣਖ ਦਾ ਨੀਰ ਹੰਗਾਲ ਘਤਿਐ,
ਪਰਤੀਂ ਪੁੱਤਰਾ ਉਹਨੂੰ ਨਿਤਾਰ ਕੇ ਤੇ ।

ਬੱਧਾ ਅਣਖ ਦਾ ਸਾਗਰ ਮੈਂ ਚੀਰ ਆਇਆਂ,
ਕਦੀ ਪੈਰ ਪੰਜਾਬ ਚੋਂ ਕੱਢਦਾ ਨਾ ।

ਜਾਣਾ ਪੈਂਦਾ ਜੇ ਨਰਕ ਵਿਚ ਮਗਰ ਇਹਦੇ,
ਤਾਂ ਵੀ ਬਦਲਾ ਸ਼ਹੀਦਾਂ ਦਾ ਛੱਡਦਾ ਨਾ ।

ਰੱਸਾ ਫ਼ਾਂਸੀ ਦਾ ਆਪਣੇ ਗਲੇ ਪਾ ਕੇ,
ਮੈਂ ਹੈ ਗਿਲਾ ਧੋਤਾ ਮੋਇਆਂ ਹਾਣੀਆਂ ਦਾ ।

ਕੀਤੇ ਮਾਂ ਪੰਜਾਬਣ ਦਾ ਦੁੱਧ ਸਫ਼ਲਾ,
ਕੀਤੇ ਨੀਰ ਸਫ਼ਲਾ ਪੰਜਾਂ ਪਾਣੀਆ ਦਾ ।

ਊਧਮ ਸਿੰਘ ਮਰਦੇ ਜੰਮਦੇ ਲੱਖ ਰਹਿਸਣ,
ਮੌਤ ਜ਼ਿੰਦਗੀ ਦੀ ਗੱਡੀ ਥੰਮ੍ਹਣੀ ਨਹੀਂ ।

ਰੱਖੇ ਅਣਖ ਪੰਜਾਬ ਦੀ ਰੱਬ ਸੱਚਾ,
ਜੇ ਇਹ ਮੋਈ ਤਾਂ ਪਰਤ ਕੇ ਜੰਮਣੀ ਨਹੀਂ ।

ਬਾਗ਼ ਜਲ੍ਹਿਆਂ ਵਾਲੇ ਦੇ ਫੁੱਲ ਕਲੀਆਂ,
ਮਿੱਧੇ ਜੋ ਗੋਰੇ ਸ਼ਾਹੀ ਅੱਡੀਆਂ ਨੇ ।
ਮੈਨੂੰ ਇਸ ਤਰ੍ਹਾਂ ਜਾਪਦੇ ਅੱਜ ਓਥੇ
ਸੁੱਕੇ ਟਹਿਣਾਂ ਕਰੂੰਬਲਾਂ ਕੱਢੀਆਂ ਨੇ ।

ਲੜਿਆ ਨਾਲ ਹਨੇਰੀਆਂ ਡਾਹ ਛਾਤੀ,
ਹੁਣ ਉਹ ਝੱਖੜ ਪਰ ਪਰਤ ਕੇ ਵੱਗਣਾ ਨਹੀਂ ।

ਮੈਂ ਠੰਡਾ ਹੋ ਕੇ ਚੱਲਿਆਂ ਜੱਗ ਵਿਚੋਂ,
ਮੈਨੂੰ ਮੜ੍ਹੀ ਦਾ ਵੀ ਸੇਕ ਲੱਗਣਾ ਨਹੀਂ ।

ਵਤਨਾ ਮੇਰਿਆ ਮੱਤ ਕੋਈ ਇਹ ਆਖੇ,
ਮੇਰੀ ਅੱਖ ਵਿਚ ਤੇਰੀ ਤਸਵੀਰ ਨਹੀਂ ਸੀ ।

ਤੇਰਾ ਨਾਂ ਮੈਂ ਚੁੰਮਦਾ ਜਾ ਰਿਹਾ ਹਾਂ,
ਤੈਨੂੰ ਵੇਖਣਾ ਭਾਵੇਂ ਤਕਦੀਰ ਨਹੀਂ ਸੀ ।

ਮੇਰੀ ਆਖ਼ਰੀ ਖ਼ਾਹਿਸ਼ ਜੇ ਪੁਛਣੀ ਜੇ,
ਤਾਂ ਫਿਰ ਜ਼ਾਲਮੋ ਪਾਲ ਇਹ ਪੱਖ ਦੇਣਾ ।

ਕਿ ਪੰਜਾਬ ਦੀ ਧਰਤੀ ਦਾ ਖਿਚ ਨਕਸ਼ਾ,
ਮੇਰੇ ਮੋਏ ਦੀ ਛਾਤੀ ਤੇ ਰੱਖ ਦੇਣਾ ।

)( )(



Sri Satguru Jagjit Singh Ji eLibrary NamdhariElibrary@gmail.com

# ਵਿਕਾਸ

—ਬਲਬੀਰ ਪਰਵਾਨਾ

ਮੇਰੇ ਘਰ ਦੇ ਸਾਹਮਣੇ ਹੁਣ ਕੱਚੀ ਰਾਹ ਨਹੀਂ ਰਹੀ
ਤਾਰਕੋਲ ਦੀ ਪੱਕੀ ਸੜਕ ਬਣ ਗਈ ਹੈ
ਤੇ ਉਸ ਉਪਰ ਦਨਦਨਾਉਂਦੀਆਂ ਰਹਿੰਦੀਆਂ ਹਨ
ਦਿਨੇ ਰਾਤ ਵਾਹਨਾਂ
ਮਾਹੌਲ ਦੀ ਚੁੱਪ ਨੂੰ ਤੋੜਦੀਆਂ ਹੋਈਆਂ ।

ਕਸਬਿਓਂ ਬਾਹਰਲੇ ਛੱਪੜ 'ਚ ਜਾ ਕੇ
ਪੈਂਦਾ ਹੈ ਸਾਰੇ ਦਾ ਸਾਰਾ ਗੰਦਾ ਪਾਣੀ
ਮਰ ਚੁੱਕੀਆਂ ਹਨ ਉਸਦੀਆਂ ਮੱਛੀਆਂ
ਹੁਣ ਕੋਈ ਵੀ
ਉਸ ਕੰਢੇ ਕੁੰਡੀ ਲਾ ਕੇ ਨਹੀਂ ਬਹਿੰਦਾ
ਬਦਬੂ ਕਾਰਨ
ਉਸ ਲਾਗਿਓਂ ਲੰਘਣਾ ਵੀ ਔਖਾ ਲਗਦਾ ਹੈ ।

ਮੇਰਾ ਬੱਚਾ
ਚੋਰੀ ਦੀਆਂ ਅੰਬੀਆਂ ਦਾ ਸਵਾਦ ਨਹੀਂ ਜਾਣਦਾ
ਕਿ ਬਾਗ਼ ਵੱਢੇ ਗਏ ਹਨ
ਤੇ ਉਸ ਥਾਂ ਉੱਸਰ ਗਈ ਹੈ ਆਧੁਨਿਕ ਕਲੋਨੀ
ਸੀਮੈਂਟਿਡ ਘਰਾਂ ਦੇ ਫ਼ਰਸ਼
ਪੱਕੀਆਂ ਗਲੀਆਂ
ਤੇ ਧੂੜ ਨਾਲ ਲਿਬੜਨਾ ਭੁੱਲ
ਬੱਚੇ ਦਬ ਗਏ ਹਨ
ਮਾਡਲ ਸਕੂਲ ਦੇ ਹੋਮ ਵਰਕ 'ਚ ।

ਸੀਮੈਂਟਿਡ ਘਰ
ਪੱਕੀਆਂ ਸੜਕਾਂ
ਪਰ ਮਾਹੌਲ ਦੀ ਬਦਬੂ
ਮਾਨਸਿਕ ਤਿੜਕਣ
ਕਿਸ ਰਾਹ 'ਤੇ ਤੁਰ ਰਿਹਾ ਹੈ
ਇਹ ਵਿਕਾਸ !
ਹਾਂ......ਇਹ ਵਿਕਾਸ !!

# ਗੀਤ

—ਸ਼ਰਨ ਕਾਦਿਆਨੀ*

ਚੱਲ ਚੱਲੀਏ ਜਿੰਦੇ ਨੀ ਦਿਨ ਥੋੜ੍ਹਾ ਰਹਿ ਗਿਆ
ਰੰਗ ਗੋਰੀਆਂ ਧੁੱਪਾਂ ਦਾ ਮਟਮੈਲਾ ਪੈ ਗਿਆ

ਜਿਨ੍ਹਾਂ ਪਹੁੰਚਣਾ ਏ ਮੰਜ਼ਲਾਂ ਤੇ ਇਉਂ ਨਹੀਂ ਵਸੋਂਦੇ
ਆ ਕੇ ਪੰਛੀ ਪ੍ਰਵਾਸੀ ਏਥੇ ਆਲ੍ਹਣੇ ਨਹੀਂ ਪਾਉਂਦੇ
ਵੇਖ ਸੂਰਜਾ ਹਨੇਰੇ ਦੀ ਦੁਮੇਲ ਬਹਿ ਗਿਆ

ਪਾਣੀ ਕਾਲ ਦੇ ਨਹੀਂ ਰਾਹੀਆਂ ਦਾ ਹਿਸਾਬ ਰੱਖਦੇ
ਕੌਣ ਕਿਹੜੇ ਪੂਰ ਬੈਠਾ, ਨਹੀਂ ਕਿਤਾਬ ਦੱਸਦੇ
ਕਿਹੜਾ ਪੁਲ ਕਿਹੜਾ ਪਿੰਡ ਇਹਦੀ ਗਹਿਰ ਬਹਿ ਗਿਆ

ਦੂਜੇ ਰਾਹੀਆਂ ਨਾਲੋਂ ਜਿੰਦੇ ਤੇਰਾ ਪੈਂਡਾ ਏ ਲਮੇਰਾ
ਕਾਲੇ ਕੋਹਾਂ ਤੋਂ ਵੀ ਦੂਰ ਤੇਰੇ ਸੱਜਣਾਂ ਦਾ ਡੇਰਾ
ਵੇਖ ਰਾਤ ਦੇ ਪਰਾਂ ਨੂੰ ਅਸਮਾਨ ਖਹਿ ਗਿਆ

ਜਿਨ੍ਹਾਂ ਠਿੱਲ੍ਹਣਾ ਏ ਲੱਭਦੇ ਨਹੀਂ ਸਾਥ ਬੇੜੀਆਂ
ਪੱਲੇ ਬੰਨ੍ਹਦੇ ਨਹੀਂ ਸਾਹ ਜਾਂਦੇ ਚੀਰ ਨ੍ਹੇਰੀਆਂ
ਤੂੰ ਵੀ ਠਿੱਲ੍ਹ ਜਾ ਕਿ ਲੋਹੜੇ ਦਾ ਹਨੇਰ ਲਹਿ ਗਿਆ

ਏਹਨਾਂ ਪੱਤਣਾਂ ਤੇ ਦੇਣੀ ਪੈਂਦੀ ਸਾਹਾਂ ਦੀ ਵਿਰਾਗੀ
ਏਥੋਂ ਲੰਘੇ ਮੀਰ ਜ਼ਾਦੇ, ਏਥੋਂ ਬੀਤ ਗਏ ਵੈਰਾਗੀ
ਵੇਖ ਸਮੇਂ ਦਾ ਮਲਾਹ ਕਿੰਨੇ ਪੂਰ ਲੈ ਗਿਆ

ਲੰਘੇ ਨਾਗ਼ ਤੇ ਫ਼ਕੀਰ, ਗਏ ਆਸ਼ਕਾਂ ਦੇ ਪੀਰ
ਗਈ ਹਾਸ਼ਮੇ ਦੀ ਸੱਸੀ, ਗਈ ਵਾਰਸੇ ਦੀ ਹੀਰ
ਇਨ੍ਹਾਂ ਪੱਤਣਾਂ ਤੇ ਸੋਹਣੀਆਂ ਦਾ ਕਹਿਰ ਢਹਿ ਗਿਆ

ਚੱਲ ਚੱਲੀਏ ਜਿੰਦੇ ਨੀ ਦਿਨ ਥੋੜ੍ਹਾ ਰਹਿ ਗਿਆ
ਰੰਗ ਗੋਰੀਆਂ ਧੁੱਪਾਂ ਦਾ ਮਟਮੈਲਾ ਪੈ ਗਿਆ ।

*ਸੰਤ ਨਗਰ, ਕਾਦੀਆਂ—143516



Sri Satguru Jagjit Singh Ji eLibrary NamdhariElibrary@gmail.com

# ਬਾਬਾ ਬੰਦਾ ਸਿੰਘ ਬਹਾਦਰ

—ਲੇਫ਼: ਕਰਨਲ ਗੁਲਚਰਨ ਸਿੰਘ

ਉੱਤਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਦੱਖਣ ਵਿਚ ਸ਼ਿਵਾ ਜੀ, ਦੋਹਾਂ ਨੇ ਆਪਣੀ ਆਪਣੀ ਆਜ਼ਾਦ ਹਕੂਮਤ ਕਾਇਮ ਕਰਨ ਲਈ ਧਨਾਢ ਮੁਗ਼ਲ ਸਰਕਾਰ ਨਾਲ ਆਢ੍ਹਾ ਡਾਹਿਆ। ਪਰ ਜਿਥੇ ਸ਼ਿਵਾ ਜੀ ਦੇ ਕਾਰਨਾਮਿਆਂ ਨੂੰ ਉੱਜਲ ਕੀਤਾ ਗਿਆ ਹੈ—ਏਥੋਂ ਤਕ ਕਿ ਉਸ ਦੀ ਤਾਜ-ਪੋਸ਼ੀ ਦੀ ੩੦੦ਵੀਂ ਵਰ੍ਹੇ-ਗੰਢ ਵੀ ਕੌਮੀ ਪੱਧਰ ਤੇ ਮਨਾਈ ਗਈ—ਉਥੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਦੇਸ਼-ਵਾਸੀਆਂ ਨੇ ਇਸ ਮਹਾਨ ਯੋਧੇ ਨੂੰ ਅਣਗੌਲਿਆ ਜਿਹਾ ਕਰ ਦਿਤਾ ਹੈ। ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੇ ਕਾਰਨਾਮਿਆਂ ਦਾ ਅਧਿਐਨ ਕਰਕੇ ਇਹ ਵੇਖਣਾ ਯੋਗ ਹੋਵੇਗਾ ਕਿ ਇਹ ਆਪਸ ਵਿਚ ਕਿਥੇ ਕੁ ਟਿਕਦੇ ਹਨ ?

ਬਾਬਾ ਬੰਦਾ ਸਿੰਘ ਬਹਾਦਰ ਜੀ, ਜਿਸ ਨੇ ਕਿ ਗੁਰੂ ਗੋਬਿੰਦ ਸਿੰਘ ਪਿਛੋਂ ਸਿੱਖਾਂ ਦੀ ਵਾਗ-ਡੋਰ ਸੰਭਾਲੀ, ਇਕ ਦਰਮਿਆਨੇ ਕੱਦ ਦੇ ਕੱਕੇ ਵਾਲਾਂ ਵਾਲੇ ਇਕ ਪਤਲੇ ਜਿਹੇ ਪੁਰਸ਼ ਸਨ। ਉਹਨਾਂ ਦਾ ਸਰੀਰ ਜ਼ੋਰਦਾਰ ਸੀ ਅਤੇ ਨੈਣ ਚਮਕੀਲੇ ਸਨ। ਉਹ ਬਚਪਨ ਤੋਂ ਹੀ ਸਿਆਣੇ, ਨਿੱਡਰ ਅਤੇ ਚੁਸਤ ਸੁਭਾਅ ਦੇ ਵਿਅਕਤੀ ਸਨ। ਉਹਨਾਂ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਸੀ ਅਤੇ ਵੈਰੀ ਵੀ ਇਸ ਨੂੰ ਮੰਨਦੇ ਸਨ। ਇਮਾਦ-ਉਦ-ਦੌਲਾ "ਇਹਦੇ ਤਿੱਖੇ ਨਕਸ਼ਾਂ ਅਤੇ ਉਸ ਦੇ ਆਚਰਣ ਕੁਸ਼ਲਤਾ" ਦੀ ਸੋਭਾ ਕਰਨੋਂ ਨਹੀਂ ਸੀ ਰਹਿ ਸਕਿਆ। ਉਹ ਇਕ ਉੱਚ-ਪੱਧਰੇ ਨਿਸ਼ਾਨੇਬਾਜ਼ ਅਤੇ ਤਗੜੇ ਘੋੜ-ਸਵਾਰ ਸਨ, ਤੀਰ-ਅੰਦਾਜ਼ ਅਤੇ ਤਲਵਾਰ ਦੇ ਧਨੀ ਸਨ। ਉਹਨਾਂ ਨੇ ਜੇਹੜਾ ਵੀ ਕਿੱਤਾ ਅਪਣਾਇਆ ਉਸੇ ਵਿਚ ਮੁਹਾਰਤ (ਨਿਪੁੰਨਤਾ) ਹਾਸਲ ਕੀਤੀ। ਉਹ ਇਕ ਚੰਗੇ ਸ਼ਿਕਾਰੀ ਸਨ। ਉਹ ਬੈਰਾਗੀਪੁਣੇ ਸਮੇਂ ਮੈਸਮਰੇਜ਼ਮ ਅਤੇ ਜੜ੍ਹੀ ਬੂਟੀਆਂ ਤੋਂ ਦਵਾਈਆਂ ਤਿਆਰ ਕਰਨ ਵਿਚ ਮੁਹਾਰਤ ਰੱਖਦੇ ਸਨ। ਉਹ ਇਕ ਜਾਦੂਗਰ ਸਨ ਅਤੇ ਇਸ ਲਈ ਲੋਕੀ ਉਹਨਾਂ ਤੋਂ ਭੈ ਖਾਂਦੇ ਸਨ। ਉਹ ਇਕ ਚੰਗੇ ਯੋਧੇ ਵੀ ਸਨ। ਉਹਨੀਂ ਦਿਨੀਂ ਬੈਰਾਗੀ ਵੀ ਚੰਗੇ ਲੜਾਕੇ ਹੋਇਆ ਕਰਦੇ ਸਨ। ਸਿੱਖੀ ਧਾਰਨ ਕਰਨ ਉਪ੍ਰੰਤ ਉਹ ਅੰਮ੍ਰਿਤ ਛਕ ਕੇ ਦਸਵੇਂ ਪਾਤਸ਼ਾਹ ਦੇ ਅਹਿਲੇ ਸੇਵਕ ਬਣ ਗਏ ਸਨ। ਉਹਨਾਂ ਦੀ ਰਹਿਣੀ-ਬਹਿਣੀ ਸਾਦਾ ਅਤੇ ਸੁਥਰੀ ਸੀ।

ਬੰਦਾ ਸਿੰਘ ਬਹਾਦਰ ਦੇ ਸਮੇਂ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਇਆ। ਇਹਨਾਂ ਕਈ ਮੁਸਲਮਾਨਾਂ ਨੂੰ ਵੀ ਅੰਮ੍ਰਿਤ ਛਕਾ ਕੇ ਸਿੱਖ ਸਾਜਿਆ। ਦਸਤੂਰ-ਉਲ-ਇਨਸ਼ਾ ਰੁੱਕਾ-ਏ-ਅਮੀਨ-ਉਦ-ਦੌਲਾ ਦੇ ਤੀਜੇ ਰੁੱਕੇ ਵਿਚ ਨਵਾਬ ਅਮੀਨ-ਉਦ-ਦੀਨ ਲਿਖਦਾ ਹੈ—

"ਕਈ ਮੁਸਲਮਾਨਾਂ ਅਤੇ ਹਿੰਦੂਆਂ ਨੇ ਇਹਨਾਂ ਦਾ ਧਰਮ ਅਤੇ ਧਾਰਮਿਕ ਰਹੁ-ਰੀਤਾਂ ਅਪਣਾ ਲਈਆਂ ਹਨ ਅਤੇ ਇਹਨਾਂ ਦੇ ਸਰਦਾਰ (ਬੰਦਾ ਬਹਾਦਰ) ਨੇ ਮੁਸਲਮਾਨਾਂ ਦੇ ਦਿਲ ਜਿੱਤ ਲਏ ਹਨ। ਜਿਸ ਦਾ ਵੀ ਇਹਦੇ ਨਾਲ ਵਾਹ ਪੈਂਦਾ ਹੈ ਉਹਨੂੰ ਹੀ ਇਹ 'ਸਿੰਘ' ਨਾਂ ਨਾਲ ਸੰਬੋਧਨ ਕਰਦਾ ਹੈ। ਇੰਝ ਦਿਲਦਾਰ ਖ਼ਾਂ, ਇਕ ਗਵਾਂਢੀ ਤਾਕਤਵਰ ਹਾਕਮ ਨੂੰ ਦਿਲਦਾਰ ਸਿੰਘ ਦਾ ਨਾਂ ਦਿਤਾ ਅਤੇ ਸਰਹਿੰਦ ਦਾ ਇਕ ਅਖਬਾਰ ਨਵੀਸ ਮੀਰ ਨਸੀਰ-ਉਦ-ਦੀਨ, ਮੀਰ ਨਸੀਰ ਸਿੰਘ ਬਣ ਗਿਆ। ਇਸ ਤਰ੍ਹਾਂ ਬਹੁਤੀ ਗਿਣਤੀ ਵਿਚ ਮੁਜ਼ਲਮਾਨਾਂ ਨੇ ਇਸਲਾਮ ਤਿਆਗ ਕੇ ਸਿੱਖੀ ਦਾ ਰਾਹ ਫੜ ਲਿਆ ਹੈ।"[1]

ਬੰਦਾ ਬਹਾਦਰ ਹੇਠ ਸਿੱਖਾਂ ਦੀ ਆਬਾਦੀ ਵਿਚ ਵਾਧੇ ਦੇ ਨਾਲ ਨਾਲ ਇਹਨਾਂ ਨੂੰ ਹੋਰ ਵੀ ਤਰਤੀਬ ਦਿਤੀ ਗਈ, ਇਹਨਾਂ ਨੇ ਜ਼ੋਰ ਫੜ ਲਿਆ ਅਤੇ ਜੰਗ ਦਾ ਤਜਰਬਾ ਵੀ ਕਾਫ਼ੀ ਹਾਸਲ ਕਰ ਲਿਆ। ਤਿੰਨਾਂ ਚਹੁੰ ਮਹੀਨਿਆਂ ਵਿਚ ਇਹਨੇ ਆਪਣੇ ਦੁਆਲੇ ੫,੦੦੦ ਘੋੜ ਸਵਾਰ ਅਤੇ ਸੱਤ-ਅੱਠ ਹਜ਼ਾਰ ਪੈਦਲ ਫ਼ੌਜ ਇਕੱਠੀ ਕਰ ਲਈ। ਇਸ ਵਿਚ ਰੋਜ਼ ਵਾਧਾ ਹੋਣ ਲਗ ਪਿਆ ਅਤੇ ਇਹ ਗਿਣਤੀ ੧੯-੧੯ ਹਜ਼ਾਰ ਤਕ ਹੋ ਗਈ[2]। ਇਹਨੇ ਸਿੱਖਾਂ ਨੂੰ ਲੜਨਾ ਅਤੇ ਜਿੱਤਾਂ ਹਾਸਲ ਕਰਨੀਆਂ ਸਿਖਾਈਆਂ। ਜੇਥਿਪੋਸ[3] ਵਾਂਗੂੰ, ਬੰਦਾ ਬਹਾਦਰ ਨੇ ਇਕ ਮੁੱਠ ਅਤੇ ਇਕ ਸੋਚਣੀ ਹੋ ਕੇ ਉਸ ਤਾਕਤ, ਜੋ ਕਿ ਨਾ ਦੱਬੀ ਜਾਣ ਵਾਲੀ ਜਾਪਦੀ ਸੀ, ਨੂੰ ਨੀਚਾ ਵਿਖਾਇਆ ਅਤੇ ਆਪਣੀ ਫੌਜ ਵਿਚ ਭਰੋਸਾ ਪੈਦਾ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਪਾਣੀਪਤ ਅਤੇ ਲਾਹੌਰ ਦੇ ਵਿਚਕਾਰਲਾ ਇਲਾਕਾ ਬਹਾਦਰ ਦੀ ਈਨ ਮੰਨਣ ਲਗ ਪਿਆ। ਉਹਨੇ ਕਈ ਮੁਗ਼ਲ ਫੌਜਦਾਰਾਂ ਨਾਲ ਜੰਗ ਕਰਕੇ ਉਹਨਾਂ ਨੂੰ ਨਿਮਾਣਾ ਬਣਾਇਆ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਉਹ ਇਕ ਸਿੱਖ ਸੀ ਅਤੇ ਉਸਨੂੰ ਉਹਨਾਂ ਮੁਗ਼ਲਾਂ ਨਾਲ ਲੜਨਾ ਪਿਆ ਜੋ ਕਿ ਉਸਨੂੰ 'ਕਾਫ਼ਰ', 'ਕੁੱਤਾ', 'ਇਕ ਬਾਗੀ' ਅਤੇ 'ਇਕ ਪਾਖੰਡੀ' ਕਹਿ ਕੇ ਪੁਕਾਰਦੇ ਸੀ, ਪਰ ਉਹ ਮੁਤਅੱਸਬੀ ਨਹੀਂ ਸੀ। ਉਹਨੇ ਆਪਣੀਆਂ ਲੜਾਈਆਂ ਨੂੰ ਕਦੇ ਵੀ ਧਾਰਮਿਕ ਰੰਗਤ ਨਹੀਂ ਸੀ ਦਿਤੀ। ਉਹਨੇ ਇਹ ਐਲਾਨ ਕੀਤਾ ਹੋਇਆ ਸੀ ਕਿ—

"ਅਸੀਂ ਨਾ ਹੀ ਮੁਸਲਮਾਨਾਂ ਦੇ ਅਤੇ ਨਾ ਹੀ ਇਸਲਾਮ ਦੇ ਵਿਰੁਧ ਹਾਂ, ਅਸੀਂ ਸਿਰਫ ਜ਼ੁਲਮ-ਜਬਰ ਦੇ ਵਿਰੁਧ ਹਾਂ, ਜਿਹਨਾਂ ਨੇ ਕਿ ਸਿਆਸੀ ਤਾਕਤ ਹਥਿਆਈ ਹੋਈ ਹੈ, ਜੋ ਕਿ ਅਸਲ ਵਿਚ ਲੋਕਾਂ ਦੇ ਹੱਥ ਵਿਚ ਹੋਣੀ ਚਾਹੀਦੀ ਹੈ।"[4]

ਬੰਦਾ ਬਹਾਦਰ ਦੀ ਧਰਮ ਨਿਰਪੱਖ ਪਾਲਿਸੀ, ਜੋ ਕਿ ਵਰਤੋਂ ਵਿਚ ਲਿਆਂਦੀ ਗਈ, ਦੇ ਨਤੀਜੇ ਵਜੋਂ ੫,੦੦੦ ਮੁਸਲਮਾਨ ਉਹਦੀ ਫੌਜ ਵਿਚ ਸ਼ਾਮਲ ਸਨ। ਬੰਦਾ ਬਹਾਦਰ ਇਹਨਾਂ ਦੀ ਦੇਖਭਾਲ ਕਰਦਾ, ਇਹਨਾਂ ਨੂੰ ਖੁਤਬਾ ਅਤੇ ਨਿਮਾਜ਼ ਪੜ੍ਹਨ ਦੇਂਦਾ, ਇਹਨਾਂ ਨੂੰ ਤਨਖਾਹ ਅਤੇ ਭੱਤਾ ਦੇਂਦਾ, ਇਹਨਾਂ ਮੁਸਲਮਾਨਾਂ ਨੂੰ ਆਪਣੇ ਢੰਗ ਨਾਲ ਅਬਾਦਤ ਕਰਨ ਦੀ ਖੁਲ੍ਹ ਸੀ। ਇਸ ਦੀ ਪੁਸ਼ਟੀ ਇਕ ਰਿਪੋਰਟ ਤੋਂ ਮਿਲਦੀ ਹੈ, ਜੋ ਕਿ ਇਕ ਸ਼ਾਹੀ ਅਖਬਾਰ-ਨਵੀਸ ਨੇ ਔਰੰਗਜ਼ੇਬ ਨੂੰ ੨੮ ਅਪਰੈਲ ੧੭੧੧ ਨੂੰ ਭੇਜੀ ਸੀ। ਉਹ ਲਿਖਦਾ ਹੈ—

"ਕੰਮਬਖ਼ਤ ਨਾਨਕ-ਪ੍ਰਸਤ ਦਾ ਕੈਂਪ ਕਲਾਨੌਰ ਕਸਬੇ ਵਿਚ ੧੯ ਤਕ ਹੈ, ਇਸ ਦੌਰਾਨ ਉਹਨੇ ਵਹਿਦਾ ਕੀਤਾ ਹੈ ਤੇ ਇਹ ਕਿਹਾ ਹੈ ਕਿ 'ਮੈਂ ਮੁਸਲਮਾਨਾਂ ਦਾ ਵਿਰੋਧ ਨਹੀਂ ਕਰਦਾ', ਇਸ ਲਈ ਜੋ ਕੋਈ ਵੀ ਮੁਸਲਮਾਨ ਉਹਦੇ ਕੋਲ ਆਉਂਦਾ ਹੈ, ਉਹ ਉਸ ਦੀ ਦੇਖਭਾਲ ਕਰਦਾ ਹੈ ਅਤੇ ਉਹਦਾ ਰੋਜ਼ਾਨਾ ਭੱਤਾ ਅਤੇ ਤਨਖਾਹ ਮਿੱਥਦਾ ਹੈ। ਉਹ ਉਹਨਾਂ ਨੂੰ ਖੁਤਬਾ ਅਤੇ ਨਿਮਾਜ਼ ਪੜ੍ਹਨ ਦੇਂਦਾ ਹੈ। ਇਸ ਕਰਕੇ ੫,੦੦੦ ਮੁਸਲਮਾਨ ਉਸ ਕੋਲ ਜਮ੍ਹਾਂ ਹੋ ਗਏ ਹਨ। ਉਹਦੇ ਨਾਲ ਭਾਈਚਾਰਾ ਸਥਾਪਤ ਕਰਕੇ ਉਹਨਾਂ ਨੂੰ ਅਜ਼ਾਨ ਦੇਣ ਦੀ ਖੁਲ੍ਹ ਹੈ ਅਤੇ ਉਸ ਦੀ ਫੌਜ ਵਿਚ ਰਹਿਕੇ ਅਬਾਦਤ ਕਰ ਸਕਦੇ ਹਨ।"[5]

ਇਹ ਬੰਦਾ ਬਹਾਦਰ ਦੀ ਖੁਲ੍ਹਦਿਲੀ ਦਾ ਸਬੂਤ ਹੈ ਅਤੇ ਇਹ ਇਸ ਦੇ ਬਾਵਜੂਦ ਕਿ ਬਹਾਦਰ ਸ਼ਾਹ, ਜੋ ਕਿ ਸਿੱਖਾਂ ਦੀ ਸਹਾਇਤਾ ਨਾਲ ਦਿੱਲੀ ਦੇ ਤਖ਼ਤ ਤੇ ਬੈਠਾ ਸੀ, ਨੇ ੧੦ ਦਸੰਬਰ ੧੭੧੦ ਨੂੰ ਇਕ ਸ਼ਾਹੀ ਹੁਕਮ ਸਾਦਰ ਕੀਤਾ ਸੀ ਕਿ ਹਰ ਇਕ ਸਿੱਖ ਜਿਥੇ ਵੀ ਵਿਖਾਈ ਦੇਵੇ, ਬਗੈਰ ਕਿਸੇ ਝਿਜਕ ਜਾਂ ਸੋਚ ਦੇ ਮਾਰ ਮੁਕਾਇਆ ਜਾਏ।"

ਬੰਦਾ ਬਹਾਦਰ ਨੇ ਮੁਗ਼ਲ ਸਰਕਾਰ ਦੇ ਮਨਾਂ ਵਿਚ ਡਰ ਪੈਦਾ ਕਰਨ ਖਾਤਰ ਉਹਨਾਂ ਦੇ ਸ਼ਹਿਰਾਂ ਅਤੇ ਕਸਬਿਆਂ, ਜਿਵੇਂ ਕਿ ਸਮਾਣਾ ਅਤੇ ਸਰਹਿੰਦ ਨੂੰ ਬਰਬਾਦ ਕੀਤਾ।

ਉਹਨੇ ਅਮੀਰਾਂ ਨੂੰ ਲੁਟਿਆ ਪਰ ਇਹ ਸਾਰਾ ਮਾਲ ਆਪਣੇ ਪੈਰੋਕਾਰਾਂ ਵਿਚ ਵੰਡ ਦਿਤਾ-ਆਪਣੇ ਲਈ ਕੁਝ ਵੀ ਨਾ ਰਖਿਆ। ਉਹ ਪੰਥ ਦਾ ਬੇਗਰਜ ਸੇਵਕ ਸੀ, ਉਹਨੇ ਕੋਈ ਰੁਪਿਆ ਪੈਸਾ ਇਕੱਠਾ ਨਾ ਕੀਤਾ ਅਤੇ ਨਾ ਹੀ ਆਪਣੇ ਲਈ ਕੋਈ ਮਹੱਲ ਹੀ ਤਾਮੀਰ ਕਰਵਾਏ। ਜੋ ਵੀ ਇਲਾਕਾ ਕਬਜ਼ੇ ਵਿਚ ਲਿਆਂਦਾ ਗਿਆ, ਉਹ ਉਹਦੀ ਨਿੱਜੀ ਜਾਇਦਾਦ ਦੀ ਥਾਂ ਖਾਲਸਾ ਪੰਥ ਦੇ ਨਾਂ ਤੇ ਸੀ। ਉਹ ਭਾਵੇਂ ਮੁਗ਼ਲ ਸਰਕਾਰ ਲਈ ਇਕ ਖੌਫਨਾਕ ਵਿਅਕਤੀ (ਹਊਆ) ਸੀ ਅਤੇ ਕੋਈ ਵੀ ਮੁਗ਼ਲ ਕਮਾਂਡਰ ਉਹਦਾ ਸਾਹਮਣਾ ਕਰਨ ਦੀ ਦਲੇਰੀ ਨਹੀਂ ਸੀ ਰੱਖਦਾ, ਪਰ ਆਮ ਜਨਤਾ ਲਈ ਉਹ 'ਕਲਕੀ ਅਵਤਾਰ' ਯਾ 'ਮਹਿੰਦੀ' ਸੀ।

ਉਹ ਇਕ ਬਹਾਦਰ, ਮੌਤ ਦਾ ਠੰਡੇ ਦਿਲ ਨਾਲ ਮੁਕਾਬਲਾ ਕਰਨ ਵਾਲਾ ਅਤੇ ਧਰਮ ਵਿਚ ਪੱਕਾ ਵਿਅਕਤੀ ਸੀ। ਉਸ ਦੀ ਮੌਤ ਸਮੇਂ ਜਦ ਉਹਨੂੰ ਮੌਤ ਅਤੇ ਇਸਲਾਮ ਵਿਚੋਂ ਇਕ ਚੁਣਨ ਲਈ ਕਿਹਾ ਕਿਹਾ ਗਿਆ ਤਾਂ ਉਹਨੇ ਮੌਤ ਨੂੰ ਹੀ ਤਰਜੀਹ ਦਿੱਤੀ।

ਉਹ ਬਿਨਾ ਵਿਤਕਰੇ ਦੇ ਹਰ ਗਰੀਬ ਅਤੇ ਮਾੜੇ ਇਨਸਾਨ ਦਾ ਹਿਮਾਇਤੀ ਸੀ, ਭਾਵੇਂ ਉਹ ਸਿੱਖ, ਮੁਸਲਮਾਨ ਯਾ ਹਿੰਦੂ ਹੋਵੇ। ਉਹਨੇ ਜ਼ਿਮੀਦਾਰੀ Landlordism ਖ਼ਤਮ ਕਰ ਦਿਤੀ ਸੀ ਅਤੇ ਪ੍ਰੋ: ਅਨਿਲ ਚੰਦਰਾ ਬੈਨਰਜੀ ਦੇ ਸ਼ਬਦਾਂ ਵਿਚ, ਇਸਨੂੰ ਸਮਾਜਵਾਦ-ਅਰਥਚਾਰੇ ਵਲ ਮੋੜ ਦਿਤਾ।[6]

ਬਹੁਤਿਆਂ ਦੇ ਸਿੱਖ ਬਣਨ ਦਾ ਇਹ ਵੀ ਇਕ ਕਾਰਨ ਸਮਝਿਆ ਜਾਂਦਾ ਹੈ ਉਹਨੇ ਕਦੇ ਕਿਸੇ ਬੱਚੇ ਯਾ ਔਰਤ ਨੂੰ ਨੁਕਸਾਨ ਨਹੀਂ ਸੀ ਪਹੁੰਚਾਇਆ।

ਮੁਗ਼ਲਾਂ ਦੇ ਮੁਕਾਬਲੇ ਵਿਚ ਉਹਦੀ ਫੌਜ ਨਾ ਹੀ ਗਿਣਤੀ ਵਿਚ ਉਹਨਾਂ ਤੋਂ ਵਧ ਸੀ ਅਤੇ ਨਾ ਲੜਾਈ ਦੇ ਸਾਧਨਾਂ ਵਿਚ ਚੰਗੇਰੀ ਸੀ। ਜਿਥੇ ਮੁਗ਼ਲੀਆਂ ਫੌਜ ਕੋਲ ਜ਼ੰਬੂਰਕ, ਰਹਿਕਲੇ, ਹਲਕੀਆਂ ਅਤੇ ਭਾਰੀ ਤੋਪਾਂ ਸਨ।



Sri Satguru Jagjit Singh Ji eLibrary NamdhariElibrary@gmail.com

ਉਥੇ ਸਿੱਖਾਂ ਕੋਲ ਤਲਵਾਰਾਂ, ਨੇਜ਼ੇ ਅਤੇ ਰਾਮਜੰਗੇ ਹੀ ਸਨ। ਤਾਂ ਕੀ ਇਹ ਹੈਰਾਨੀ-ਜਨਕ ਨਹੀਂ ਹੈ, ਕਿ ਫ਼ੌਜੀ ਸਾਧਨਾਂ ਵਿਚ ਏਨੇ ਘਟੀਆ ਹੁੰਦਿਆਂ ਹੋਇਆਂ ਵੀ ਸਿੱਖਾਂ ਨੇ ਮੁਗ਼ਲੀਆ ਸਰਕਾਰ ਵਰਗੀ ਧਨਾਢ ਸਰਕਾਰ ਦਾ ਏਨਾ ਚਿਰ ਮੁਕਾਬਲਾ ਕੀਤਾ। ਸਿੱਖ ਸਿਰੜੀ ਸਨ, ਉਹਨਾਂ ਕੋਲ ਰਸਦ ਪਾਣੀ ਦੀ ਕੋਈ ਸਮੱਸਿਆ ਨਹੀਂ ਸੀ, ਪਰ ਉਹ ਕਿਸੇ ਵਿਸ਼ਵਾਸ (cause) ਲਈ ਜੂਝ ਰਹੇ ਸਨ, ਅਤੇ ਨਵੀਂ ਸੰਸਥਾ ਹੋਣ ਕਾਰਨ ਲਗਨ ਨਾਲ ਲੜਦੇ ਸਨ। ਉਹ ਨਾਜ਼ਕ ਅਤੇ ਨਰਮ ਮੁਗ਼ਲਾਂ ਦੇ ਮੁਕਾਬਲੇ ਵਿਚ ਨਿਡਰ ਅਤੇ ਹਮਲੇ ਦੀ ਰੁਚੀ (Offensive spirit) ਰੱਖਦੇ ਸਨ।

ਬੰਦਾ ਬਹਾਦਰ ਨੇ ਗੁਰੀਲਾ ਕਿਸਮ ਦੀ ਜੰਗ ਅਪਣਾਈ ਜਿਸਨੂੰ ਕਿ ਪੰਜਾਬੀ ਵਿਚ 'ਧਾਈ ਫੱਟ' ਕਹਿੰਦੇ ਹਨ। ਜਦੋਂ ਤਕ ਉਹਨੇ ਇਹ ਢੰਗ ਵਰਤਿਆ, ਸਰਲ ਰਿਹਾ। ਪਰ ਜਦੋਂ ਉਹ ਨੰਗਲ ਗੜ੍ਹੀ (ਗੁਰਦਾਸਪੁਰ) ਵਿਚ ਘਿਰ ਗਿਆ ਤਾਂ ਸਭਾਈ Static ਹੋ ਗਿਆ, ਉਸ ਦੀ ਗਤੀਸ਼ੀਲਤਾ (Mobility) ਖਤਮ ਹੋ ਗਈ, ਉਸਨੂੰ ਰਸਦ-ਪਾਣੀ ਮਿਲਣਾ ਅਤੇ ਕੁਮਕ ਆਉਣੀ ਬੰਦ ਹੋ ਗਈ ਤੇ ਅੰਤ ਨੂੰ ਹਥਿਆਰ ਸੁਟਣੇ ਪਏ। ਉਹ ਸਾਥੀਆਂ ਸਮੇਤ ਕੈਦ ਕਰ ਲਿਆ ਗਿਆ।

ਵੇਲੇ ਦੇ ਹਾਲਾਤ ਅਤੇ ਇਲਾਕਾ ਬੰਦਾ ਬਹਾਦਰ ਲਈ ਮੁਆਫਿਕ ਨਹੀਂ ਸੀ ਜਿਵੇਂ ਕਿ ਦੱਖਣ ਵਿਚ ਸ਼ਿਵਾ ਜੀ ਹੇਠ ਮਰਾਠਿਆਂ ਲਈ ਸੀ। ਡਾਕਟਰ ਤਾਰਾ ਚੰਦ ਲਿਖਦਾ ਹੈ ਕਿ—

'ਮਰਾਠੇ' ਇਕ-ਮੁੱਠ ਸਨ ਅਤੇ ਭੂਗੋਲਕ ਤੌਰ ਤੇ ਵੀ ਫਾਇਦੇ ਵਿਚ ਸਨ ਕਿਉਂਕਿ ਇਥੇ ਬਾਹਮਨੀ ਯਾ ਮੁਗ਼ਲ ਹਾਕਮਾਂ ਲਈ ਪੁਜਣਾ ਸੌਖਾ ਨਹੀਂ ਸੀ।[7] ਘਾਟ ਐਸੇ ਸਥਾਨ ਸਨ ਜਿਥੇ ਕਿ ਉਹ ਜਾ ਕੇ ਸਹੀ ਸਲਾਮਤ ਰਹਿ ਸਕਦੇ ਸਨ ਅਤੇ ਨਾਲ ਹੀ ਕਿਲ੍ਹੇ ਤਿਆਰ ਕਰਨ ਲਈ ਮਹੱਤਵ-ਪੂਰਨ (Wantage) ਸਥਾਨ ਮੁਹੱਈਆ ਕਰਦੇ ਸਨ, ਜੋ ਕਿ ਆਲੇ-ਦੁਆਲੇ ਦੇ ਇਲਾਕੇ ਤੇ ਭਾਰੂ ਹੁੰਦੇ ਸਨ।[8] ਪੱਛਮੀ ਘਾਟ ਕੋਨਕਨ ਦੇ ਇਲਾਕੇ ਸਾਹਮਣੇ ਓਟ (Screen) ਦਾ ਕੰਮ ਦਿੰਦੇ ਹਨ, ਕੋਨਕਨ ਦਾ ਇਲਾਕਾ ਜੋ ਕਿ ਮਰਾਠਿਆਂ ਨੂੰ ਲੜਾਈ ਲਈ ਤਰਤੀਬ ਦੇਣ ਅਤੇ ਅਰਾਮ ਕਰਨ ਲਈ ਇਕ ਇਲਾਕੇ (Base) ਦਾ ਕੰਮ ਦੇਂਦਾ ਸੀ।

ਸਰਕਾਰ ਲਿਖਦਾ ਹੈ—"ਘਾਟ ਦੇ ਪੇਚੀਦਾ ਰਾਹ ਅਤੇ ਅਣਗਿਣਤ ਕਿਲ੍ਹੇ ਮੁਹਿੰਮਾਂ ਭੇਜਣ ਲਈ ਠੀਕ ਸਨ ਅਤੇ ਮੁਗ਼ਲਾਂ ਨੂੰ ਹੈਰਾਨ ਕਰਨ ਅਤੇ ਉਹਨਾਂ ਦੀਆਂ ਤਗੜੀਆਂ ਪੱਸਟਾਂ ਤੋਂ ਬਚਣ ਲਈ ਵੀ ਕੰਮ ਆਉਂਦੇ ਸਨ।"[9]

ਪਹਾੜੀ ਇਲਾਕਾ ਅਤੇ ਬੇਅੰਤ ਕਿਲ੍ਹਿਆਂ ਨਾਲ ਭਰਪੂਰ ਹੋਣ ਕਾਰਨ ਮੁਗ਼ਲ ਇਹਨਾਂ ਨੂੰ ਘੇਰਨ ਲਈ ਕਾਫ਼ੀ ਫੌਜ ਭੇਜਣ ਦੇ ਅਸਮਰਥ ਸਨ ਅਤੇ ਸਿੰਧ-ਗੰਗਾ ਦੇ ਮੈਦਾਨਾਂ ਵਾਂਗੂੰ "ਰਸਾਲੇ ਦੇ ਇਕ ਹੱਲੇ ਯਾ ਇਕ ਸਾਲ ਦੀ ਮੁਹਿੰਮ ਨਾਲ ਫਤਹਿ ਕਰਕੇ ਹਥਿਆਏ ਨਹੀਂ ਸੀ ਜਾ ਸਕਦੇ।[10]

ਮਰਾਠਿਆਂ ਦਾ ਇਕ ਲਾਂਘਾ ਸਮੁੰਦਰ ਵਲ ਸੀ ਜੋ ਕਿ ਪੱਛਮੀ ਘਾਟ ਦੇ ਨਾਲ ਨਾਲ ਜਾਂਦਾ ਸੀ, ਜਿਥੇ ਇਹ ਮਰਾਠਿਆਂ ਨੂੰ ਗਤੀ-ਸ਼ੀਲਤਾ ਪਰਦਾਨ ਕਰਦਾ ਸੀ, ਉਥੇ ਬਦੇਸ਼ੀ ਤਾਕਤਾਂ ਨਾਲ ਸੰਪਰਕ ਪੈਦਾ ਕਰਨ ਦਾ ਰਾਹ ਵੀ ਦੇਂਦਾ ਸੀ। ਇਸ ਲਈ ਉਹਨਾਂ ਇਕ ਵਾਰੀ ਮੁਗ਼ਲਾਂ ਦੇ ਵਿਰੁਧ ਆਪਣੀ ਮਦਦ ਲਈ ਆਪਣੇ ਗਵਾਂਢੀ, ਪੁਰਤ-ਗਾਲੀਆਂ ਨਾਲ ਸਮਝੌਤਾ ਵੀ ਕਰ ਲਿਆ ਸੀ।[11]

ਜਦੋਂ ਮੁਗ਼ਲ ਇਕ ਵਾਰੀ ਕੋਨਕਨ ਦੇ ਪੂਰਬੀ ਹਿੱਸੇ ਵਲ ਵਧੇ ਤਾਂ ਪੁਰਤਗਾਲੀਆਂ ਨੇ ਮਰਾਠਿਆਂ ਦੇ ਬੱਚਿਆਂ ਅਤੇ ਔਰਤਾਂ ਨੂੰ ਪਨਾਹ ਦਿਤੀ। ਬੰਦਾ ਬਹਾਦਰ ਕੋਲ ਐਸੀ ਕੋਈ ਸਹੂਲਤ ਨਹੀਂ ਸੀ।

ਔਰੰਗਜ਼ੇਬ ਦੇ ਮਾੜੇ ਵਤੀਰੇ ਕਾਰਨ ਬੀਜਾਪੁਰ ਅਤੇ ਗੋਲਕੁੰਡਾ ਦੇ ਹਾਕਮ ਉਸ ਤੋਂ ਤੰਗ ਸਨ, ਇਸ ਲਈ ਸ਼ਿਵਾ ਜੀ ਨੂੰ ਇਹਨਾਂ ਦੋਵਾਂ ਕੋਲੋਂ ਫੌਜੀ ਸਹਾਇਤਾ ਲੈਣੀ ਸੌਖੀ ਹੋ ਗਈ ਸੀ। ਫੇਰ, ਮੁਗ਼ਲਾਂ ਦੇ ਇਹਨਾਂ ਦੋਵਾਂ ਬਾਦਸ਼ਾਹੀਆਂ ਨਾਲ ਰੁਝੇਵੇਂ ਨੇ ਸ਼ਿਵਾ ਜੀ ਲਈ ਰਾਹ ਖੁਲ੍ਹਾ ਕਰ ਦਿਤਾ ਸੀ। ਸ਼ਿਵਾ ਜੀ ਨੂੰ ਇਕ ਹੋਰ ਲਾਭ ਵੀ ਸੀ ਕਿ ਇਲਾਕੇ ਦੀ ਵਸੋਂ ਵਿਚ ਤਿਹਾਈ ਹਿੱਸਾ ਮਹਾਰਾਸ਼ਟਰੀਆਨਾ ਦਾ ਸੀ।[12]

ਇਸ ਦੇ ਉਲਟ ਪੰਜਾਬ ਵਿਚ ਮੁਸਲਮਾਨ ਬਹੁ-ਗਿਣਤੀ ਵਿਚ ਸਨ। ਨਾਲੇ ਮੱਧ ਏਸ਼ੀਆ ਤੋਂ ਦਿੱਲੀ ਲਈ ਨਵਾਂ ਖ਼ੂਨ ਆਉਣ ਲਈ ਪੰਜਾਬ ਇਕ ਕੜੀ ਦਾ ਕੰਮ ਕਰਦਾ ਸੀ, ਇਸ ਲਈ ਮੁਗ਼ਲਾਂ ਨੇ ਇਸ ਇਲਾਕੇ ਦੀ ਸੁਰਖਿਆ ਦਾ ਚੰਗਾ ਬੰਦੋਬਸਤ ਕੀਤਾ ਹੋਇਆ ਸੀ, ਥਾਂ ਥਾਂ ਫੌਜੀ ਚੌਕੀਆਂ ਸਨ। ਇਸ ਰਾਹ ਨੂੰ ਦੂਰ ਹੋਣ ਕਾਰਨ ਘਾਟ ਇਹਦੇ ਵਿਚ ਕੋਈ ਵਿਘਨ ਨਹੀਂ ਸੀ ਪਾ ਸਕਦੇ। ਪੰਜਾਬ ਦੇ ਹਿੰਦੂਆਂ ਕੋਲੋਂ ਵੀ ਬੰਦਾ ਬਹਾਦਰ ਨੂੰ ਕੋਈ ਮਿਲਵਰਤਨ ਨਾ ਮਿਲਿਆ। ਬੰਦਾ ਬਹਾਦਰ ਦੇ ਸਮੇਂ ਨਾ ਕਿਸੇ ਰਾਜਪੂਤ ਅਤੇ ਨਾ ਹੀ ਕਿਸੇ ਡੋਗਰੇ ਨੇ ਮੁਗ਼ਲਾਂ ਵਿਰੁਧ ਬਗ਼ਾਵਤ



Sri Satguru Jagjit Singh Ji eLibrary NamdhariElibrary@gmail.com

ਕੀਤੀ, ਸਗੋਂ ਇਹਨਾਂ ਨੇ ਬੰਦਾ ਅਤੇ ਸਿੱਖਾਂ ਨੂੰ ਦਬਾਉਣ ਲਈ ਮੁਗ਼ਲ ਸਰਕਾਰ ਦਾ ਹੱਥ ਵਟਾਇਆ।

ਅੰਕੜਾਂ ਦੇ ਬਾਵਜੂਦ, ਬੰਦਾ ਬਹਾਦਰ ਨੇ ਨਾ ਹੀ ਔਰੰਗਜ਼ੇਬ ਹੇਠ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਨਾ ਹੀ ਸੁਲਾਹ ਲਈ ਕੋਈ ਪੇਸ਼ਕਸ਼ ਕੀਤੀ। ਇਸਦੇ ਉਲਟ ਅਤੇ ਇਹ ਇਕ ਇਤਿਹਾਸਕ ਸੱਚਾਈ ਹੈ ਕਿ ਸ਼ਿਵਾ ਜੀ ਨੇ ਸੇਵਾ ਲਈ ਔਰੰਗਜ਼ੇਬ ਨੂੰ ਪੇਸ਼ਕਸ਼ ਕੀਤੀ। ਮਿਸਾਲ ਵਜੋਂ, ੧੬੫੭ ਈ: ਵਿਚ ਜਦੋਂ ਔਰੰਗਜ਼ੇਬ ਬੀਜਾਪੁਰ ਨਾਲ ਲੜਾਈ ਵਿਚ ਰੁੱਝਾ ਹੋਇਆ ਸੀ ਤਾਂ ਸ਼ਿਵਾ ਜੀ ਨੇ ਉਸ ਨਾਲ ਚਿੱਠੀ ਪੱਤਰ ਕੀਤਾ ਅਤੇ ਆਪਣੇ ਆਪ ਨੂੰ ਦਿੱਲੀ ਦਾ ਪੱਕਾ ਸੇਵਾਦਾਰ ਵਜੋਂ ਦਰਸਾਇਆ।[13]

ਫੇਰ, ਜਦੋਂ ਔਰੰਗਜ਼ੇਬ ਦਿੱਲੀ ਦੇ ਤਖ਼ਤ ਉਤੇ ਬਹਿਣ ਵਿਚ ਸਫ਼ਲ ਹੋ ਗਿਆ ਸੀ ਤਾਂ ਸ਼ਿਵਾ ਜੀ ਨੇ "ਤਖ਼ਤ ਨਾਲ ਪਿਆਰ ਦਰਸਾਉਣ, ਅਤੇ ਪਿਛੇ ਜੋ ਕੁਝ ਹੋ ਚੁਕਾ ਸੀ, ਉਸ ਲਈ ਮੁਆਫ਼ੀ ਮੰਗਣ ਲਈ ਇਕ ਰਾਜਦੂਤ ਦਿੱਲੀ ਭੇਜਿਆ।"[14]

੧੬੬੪ ਈ: ਵਿਚ ਸ਼ਿਵਾ ਜੀ ੨,੦੦੦ ਘੋੜ ਸਵਾਰ ਅਤੇ ੮,੦੦੦ ਪੈਦਲ ਲੈ ਕੇ ਬੀਜਾਪੁਰ ਦੇ ਖਿਲਾਫ਼ ਸ਼ਾਹੀ ਫ਼ੌਜ ਵਿਚ ਜਾ ਰਲਿਆ ਸੀ।[15]

ਇਕ ਵੇਲਾ ਐਸਾ ਵੀ ਆਇਆ ਕਿ ਔਰੰਗਜ਼ੇਬ ਦੀਆਂ ਰਾਜਾ ਜੈ ਸਿੰਘ ਰਾਹੀਂ ਭੇਜੀਆਂ ਸ਼ਰਤਾਂ ਸ਼ਿਵਾ ਜੀ ਨੇ ਪ੍ਰਵਾਨ ਕਰਨੀਆਂ ਮੰਨ ਲਈਆਂ। ਸ਼ਿਵਾ ਜੀ ਨੇ ਰਾਜਾ ਜੈ ਸਿੰਘ ਨੂੰ ਇੰਝ ਬੇਨਤੀ ਕੀਤੀ—

"ਮੇਰੀਆਂ ਪਿਛਲੀਆਂ ਅਹਿਮਕਾਨਾ ਅਤੇ ਬੇਵਫ਼ਾਈ ਵਾਲੀਆਂ ਹਰਕਤਾਂ ਕਾਰਨ ਮੈਂ ਬਾਦਸ਼ਾਹ ਸਲਾਮਤ ਨੂੰ ਆਪਣਾ ਮੂੰਹ ਵਿਖਾਉਣ ਦੇ ਕਾਬਲ ਨਹੀਂ ਹਾਂ, (ਇਸ ਲਈ) ਮੈਂ ਆਪਣੇ ਪੁੱਤਰ ਨੂੰ ਹਜ਼ੂਰ ਦੀ ਸੇਵਾ ਅਤੇ ਗ਼ੁਲਾਮੀ ਲਈ ਭੇਜਾਂਗਾ, ਜਿਸ ਨੂੰ ਕਿ ਪੰਜ ਹਜ਼ਾਰੀ ਕਮਾਂਡਰ ਬਣਾਇਆ ਜਾਏਗਾ, ਅਤੇ ਮੁਨਾਸਬ ਜ਼ਮੀਨ ਬਖਸ਼ੀ ਜਾਏਗੀ......ਜਿਥੋਂ ਤਕ ਮੇਰਾ ਸੰਬੰਧ ਹੈ ਮੈਨੂੰ ਕਿਸੇ ਮਨਸਬ ਜਾਂ ਮੁਗਲੀਆ ਫ਼ੌਜ ਵਿਚ ਸੇਵਾ ਕਰਨੋਂ ਮੁਆਫ਼ ਕੀਤਾ ਜਾਵੇ। ਪਰ ਤੁਹਾਡੀਆਂ ਦੱਖਣ ਦੀਆਂ ਲੜਾਈਆਂ ਵਿਚ ਜਦ ਕਦੇ ਮੈਨੂੰ ਕੋਈ ਫ਼ੌਜੀ ਡਿਊਟੀ ਦਿਤੀ ਜਾਏਗੀ, ਮੈਂ ਇਹ ਪੂਰੀ ਕਰਨ ਲਈ ਤਤਪਰ ਹੋਵਾਂਗਾ।"[16]

ਮਾਅਸਿਰਿ ਆਲਮਗੀਰੀ ਦਾ ਕਰਤਾ ਲਿਖਦਾ ਹੈ—

"ਇਨ੍ਹਾਂ ਹੀ ਦਿਨਾਂ ਵਿਚ ਪਤਾ ਲੱਗਾ ਕਿ ਰਾਜਾ ਜੈ ਸਿੰਘ, ਦਲੇਰ ਖ਼ਾਂ ਸਫ਼ਸ਼ਿਕਨ ਖ਼ਾਂ ਤੇ ਹੋਰ ਅਮੀਰਾਂ ਦੇ ਜਤਨਾਂ ਦੇ ਨਾਲ ਸ਼ਿਵਾ ਜੀ ਦੇ ਕਬਜ਼ੇ ਵਿਚਲੇ ਇਲਾਕਿਆਂ ਵਿਚੋਂ ਪੋਰੰਧਰ ਰੋਧਰਮਾਲ ਤੇ ਹੋਰ ਕਿਲੇ ਜਿੱਤੇ ਜਾ ਚੁਕਣ ਤੇ ਸ਼ਿਵਾ ਜੀ ਨੇ ਆਪਣੇ ਬਹਾਦਰੀ ਸਾਹਮਣੇ ਬੇਹੁਰਮਤੀ ਦਿਸਦੀ ਕਰਕੇ ਰਾਜੇ ਪਾਸ ਦੂਤ ਘੱਲੇ ਹਨ ਤੇ ਉਸ ਪਾਸ ਜਾਨ ਦੀ ਸੁਰੱਖਿਆ ਮੰਗਣ ਲਈ ਬੇਨਤੀ ਕੀਤੀ ਹੈ। ਰਾਜੇ ਨੇ ਯੋਗ ਸ਼ਰਤਾਂ ਤੇ ਉਸ ਦੀ ਬੇਨਤੀ ਪ੍ਰਵਾਨ ਕੀਤੀ ਹੈ ਤੇ ਮਰਹੱਟੇ ਸਰਦਾਰ ਨੇ ੨੩ ਕਿਲ੍ਹੇ ਬਾਦਸ਼ਾਹ ਦੇ ਅਮੀਰਾਂ ਦੇ ਹਵਾਲੇ ਕਰਕੇ ਆਪਣੀ ਜਾਨ ਬਚਾਈ।"

"ਇਹ ਕਿਲ੍ਹੇ ਸ਼ਾਹੀ ਕਰਮਚਾਰੀਆਂ ਦੇ ਹਵਾਲੇ ਕਰਕੇ ਤੇ ਬਿਲਕੁਲ ਬੇਹਥਿਆਰ ਹੋ ਕੇ ਸ਼ਿਵਾ ਜੀ ਜ਼ਿਲਾਜ ਦੀ ੮ ਤਾਰੀਖ (੧੨ ਜੂਨ ੧੬੬੫, ਸੋਮਵਾਰ) ਨੂੰ ਰਾਜੇ ਪਾਸ ਆਇਆ ਤੇ ਉਸ ਨੂੰ ਮਿਲਿਆ। ਰਾਜਾ ਜੈ ਸਿੰਘ ਨੇ ਉਸ ਨਾਲ ਹੱਥ ਮਿਲਾਏ। ਰਾਜੇ ਨੇ ਬੜੇ ਆਦਰ ਤੇ ਮਾਣ ਨਾਲ ਉਸ ਨੂੰ ਆਪਣੇ ਕੋਲ ਬਹਾਇਆ ਤੇ ਜਾਨ-ਮਾਲ ਦੀ ਸੁਰਖਿਆ ਦਾ ਭਰੋਸਾ ਦਿਵਾ ਕੇ ਉਸ ਨੂੰ ਇਕ ਸ਼ਮਸ਼ੀਰ ਤੇ ਜੜਾਊ ਜਮਧਰ ਦਿਤਾ। ਇਸ ਦੇ ਮਗਰੋਂ ਉਸ ਨੇ ਸ਼ਿਵਾ ਜੀ ਨੂੰ ਦਲੇਰ ਖ਼ਾਂ ਪਾਸ ਘੱਲਿਆ ਤੇ ਦਲੇਰ ਖ਼ਾਂ ਨੇ ਵੀ ਮਰਹੱਟੇ ਸਰਦਾਰ ਨਾਲ ਚੰਗਾ ਤੇ ਯੋਗ ਵਰਤਾਓ ਕੀਤਾ।"

"ਜਦੋਂ ਉਕਤ ਘਟਨਾਵਾਂ ਦਾ ਪਤਾ ਲਗਾ ਤਾਂ ਬਾਦਸ਼ਾਹ ਨੇ ਰਾਜਾ ਜੈ ਸਿੰਘ ਦੀ ਚਿੱਠੀ ਅਨੁਸਾਰ ਸ਼ਿਵਾ ਜੀ ਦੇ ਨਾਂ ਜਾਨ ਦੀ ਰੱਖਿਆ ਦਾ ਅਮਾਨ-ਨਾਮਾ ਲਿਖ ਕੇ ਭੇਜ ਦਿੱਤਾ। ਬਾਦਸ਼ਾਹ ਨੇ ਉਸ ਦੇ ਪੁਤਰ ਸੰਭਾ ਜੀ ਨੂੰ ਪੰਜ ਹਜ਼ਾਰੀ (ਪੰਜ ਹਜ਼ਾਰ ਸਵਾਰਾਂ) ਦਾ ਮਨਸਬਦਾਰ ਬਣਾ ਦਿਤਾ। ਹਿੰਦੁਸਤਾਨ ਦੇ ਰਾਜਿਆਂ ਦੇ ਸ਼ਰੋਮਣੀ ਮਹਾਰਾਜ ਜੈ ਸਿੰਘ ਨੂੰ ਇਸ ਮਹਾਨ ਸੇਵਾ ਦੇ ਬਦਲੇ ਵਿਚ ਮਹਿਰਮਤਾਂ ਨਾਲ ਨਿਵਾਜਿਆ ਗਿਆ। ਉਸ ਦੇ ਮਨਸਬਦਾਰ ਤੇ ਪਦਵੀ ਵਿਚ ਵਾਧਾ ਹੋਇਆ ਤੇ ਉਸ ਨੂੰ ਸੱਠ ਹਜ਼ਾਰੀ (ਸੱਠ ਹਜ਼ਾਰ ਸਵਾਰ) ਦੋ-ਅਸਪਾ ਤੇ ਤਿੰਨ-ਅਸਪਾ ਦਾ ਮਨਸਬਦਾਰ ਬਣਾਇਆਂ ਗਿਆ।"[17]

ਅੱਗੇ ਚਲਕੇ ਇਹੀ ਇਤਿਹਾਸਕਾਰ ਲਿਖਦਾ ਹੈ—

"ਸ਼ਿਵਾ ਜੀ ਆਪਣੇ ਪੁੱਤਰ ਸਮੇਤ ਸ਼ਾਹੀ ਦਰਬਾਰ ਵਿਚ ਹਾਜ਼ਰ ਹੋ ਕੇ ਸਨਮਾਨ ਤੇ ਸ਼ਾਹੀ ਮੋਹਰਾਂ ਦਾ ਭਾਗੀ ਬਣਿਆ। ਉਸ ਨੇ ਡੇਢ ਹਜ਼ਾਰ ਸੋਨੇ ਦੀਆਂ ਮੁਹਰਾਂ ਭੇਟਾ ਕੀਤੀਆਂ ਤੇ ਛੇ ਹਜ਼ਾਰ ਰੁਪਿਆ ਬਾਦਸ਼ਾਹ ਦੇ ਸਿਰ ਤੋਂ



Sri Satguru Jagjit Singh Ji eLibrary NamdhariElibrary@gmail.com

ਵਾਰਿਆ। ਰਾਜਾ ਜੈ ਸਿੰਘ ਨੇ ਸ਼ਿਵਾ ਜੀ ਦੀ ਇੱਛਾ ਅਨੁਸਾਰ ਉਸ ਨੂੰ ਬਾਦਸ਼ਾਹ ਦੇ ਹਜ਼ੂਰ ਘੱਲਿਆ ਸੀ, ਇਸ ਲਈ ਉਸ ਨੇ ਬਾਦਸ਼ਾਹ ਪਾਸੋਂ ਉਸ ਦੀਆਂ ਪਹਿਲੀਆਂ ਭੁੱਲਾਂ ਨੂੰ ਵੀ ਮਾਫ਼ ਕਰਵਾਇਆ।"[18]

ਵੱਢੀ ਜਾਂ ਹੋਰ ਕਿਸੇ ਕਿਸਮ ਦੇ ਲਾਲਚ ਬੰਦੇ ਤੇ ਬੇ-ਅਸਰ ਸਨ, ਇਸ ਦੇ ਉਲਟ, ਮੁਗ਼ਲਾਂ ਕੋਲੋਂ ਵੱਢੀ ਲੈ ਕੇ ਮਰਾਠਿਆਂ ਨੇ ਕਈ ਕਿਲ੍ਹੇ ਮੁਗ਼ਲਾਂ ਦੇ ਹਵਾਲੇ ਕਰ ਦਿਤੇ ਸਨ।

ਬੰਦਾ ਬਹਾਦਰ ਨੇ ਵੈਰੀਆਂ ਨਾਲ ਕਦੇ ਵਿਸਾਹਘਾਤ ਨਹੀਂ ਸੀ ਕੀਤਾ। ਜਿਥੇ ਕਿ ਸ਼ਿਵਾ ਜੀ, ਸਰਕਾਰ ਲਿਖਦਾ ਹੈ, ਦੀਆਂ ਜਿੱਤਾਂ "ਜਾਣ ਬੁਝ ਕੇ ਕਤਲ ਅਤੇ ਵਿਉਂਤਤ ਵਿਸਾਹਘਾਤ ਦਾ ਨਤੀਜਾ ਸਨ।"[19]

ਮਿਸਾਲ ਵਜੋਂ, ਸ਼ਿਵਾ ਜੀ ਨੇ ਚੰਦਰ ਰਾਉ ਮੋਰੇ ਅਤੇ ਉਸ ਦੇ ਭਰਾ, ਸੂਰੀਆ ਰਾਉ, ਜੋ ਕਿ ਰਾਉ ਦੀ ਧੀ ਦਾ ਰਿਸ਼ਤਾ ਸ਼ਿਵਾ ਜੀ ਨਾਲ ਕਰਨ ਜਾਵਲੀ ਗਏ ਸਨ, ਦੋਵਾਂ ਨੂੰ ਰਘੂਨਾਥ ਬੱਲਾਲ ਕੋਰਦੇ ਕੋਲੋਂ ਮਰਵਾ ਦਿਤਾ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਕ ਵਾਰੀ (ਅਕਤੂਬਰ ੧੬੫੫) ਸ਼ਿਵਾ ਜੀ ਨੇ ਰਘੂਨਾਥ ਬੱਲਾਲ ਕੋਰਦੇ ਨੂੰ ਕਿਹਾ ਸੀ ਕਿ "ਜਦੋਂ ਤਕ ਚੰਦਰ ਰਾਉ ਮੋਰੇ ਨਹੀਂ ਮਾਰਿਆ ਜਾਂਦਾ, ਰਾਜ ਹਾਸਲ ਨਹੀਂ ਕੀਤਾ ਜਾ ਸਕਦਾ।"[20]

ਬੰਦਾ ਬਹਾਦਰ ਨੇ ਪਹਿਲਾ ਸਿੱਖ ਸੁਤੰਤਰ ਰਾਜ ਕਾਇਮ ਕੀਤਾ, ਜਿਸ ਦੀ ਕਿ ਮੁਹਰ ਅਤੇ ਸਿੱਕਾ ਆਪਣਾ ਸੀ। ਭਾਵੇਂ ਇਹ ਥੋੜੀ ਦੇਰ ਤਕ ਹੀ ਰਿਹਾ, ਪਰ ਇਹਨੇ ਸਿੱਖਾਂ ਨੂੰ ਰਾਜ ਸਥਾਪਤ ਕਰਨ ਦਾ ਰਾਹ ਵਿਖਾ ਦਿੱਤਾ। ਇਹਨੇ ਮੁਗ਼ਲ ਸਰਕਾਰ ਨੂੰ ਵੰਗਾਰਿਆ ਅਤੇ ਇਹ ਸਾਬਤ ਕਰ ਦਿੱਤਾ ਕਿ ਇਸ ਦੀ ਆਬਰੂ ਸਿੱਖਾਂ ਨੇ ਭੰਨ ਦਿੱਤੀ।

——

### ਫੁਟ ਨੋਟ ਤੇ ਟਿੱਪਣੀਆਂ

1. The Punjab, Past & Present, October, 1975 ਦੇ ਸਫ਼ਾ 466 ਤੇ ਹਵਾਲਾ।

2. ਖ਼ਫੀ ਖ਼ਾਂ ਦੇ ਮੁੰਤਖ਼ਾਬ-ਉਲ-ਲੁਬਾਬ ਦਾ ਈਲੀਅਟ ਅਤੇ ਡੋਸਨ ਦੀ, The History of India, ਜਿਲਦ VII 414 ਦੇ ਸਫ਼ਾ ਉਪਰ ਹਵਾਲਾ।

3. ਜ਼ੈਥਿਪੌਸ, ਸਪਾਰਟਾ (ਯੂਨਾਨ) ਦਾ ਇਕ ਜਰਨੈਲ ਕਾਰਨੇਜ ਦੀ ਨੌਕਰੀ ਵਿਚ ਸੀ, ਉਹਨੇ ਇਕ ਰੋਮਨ ਫੌਜ ਨੂੰ ਤਬਾਹ ਕਰਕੇ ਉਹਦੇ ਜਰਨੈਲ ਰੈਗੂਲਸ ਨੂੰ ਕੈਦ ਕਰ ਲਿਆ ਸੀ। (The Ancient World, T. R. GROVER, P. 164)

4. ਰੁੱਕਾਆਤ-ਏ-ਅਮੀਨ-ਉਦ-ਦੌਲਾ, ਦਸਤੂਰ-ਉਲ-ਇਸ਼ਾ, ਸ਼ਾਹੀ ਰੋਜ਼ਨਾਮਚਾ ਦਾ ਹਵਾਲਾ ਕਪੂਰ ਸਿੰਘ ਲੇਖ ਵਿਚ—

(The Sikh Review, July, 1975)

5. ਅਖ਼ਬਾਰਾਤ-ਏ-ਦਰਬਾਰੇ-ਮੁਅੱਲਾ(The Punjab Past & Present October 1976, ਸਫ਼ਾ 228).

6. The Sikh Review, April 1972.

7. History of the Freedom Movement in India, Dr. Tara Chand ਸਫ਼ਾ 102.

8. ਸਮੁੱਚੇ ਘਾਟ ਅਤੇ ਆਲੇ-ਦੁਆਲੇ ਦੇ ਪਹਾੜ ਟੀਸੀ ਤੇ ਪੱਥਰ ਦੀ ਕੰਧ ਬਣ ਜਾਂਦੇ ਸਨ : ਸਭ ਤੋਂ ਉੱਚਾ ਸਥਾਨ ਅਤੇ ਵੱਖ ਵੱਖ ਪਹਾੜੀਆਂ, ਕੁਦਰਤੀ ਕਿਲ੍ਹੇ ਸਨ, ਜਿਥੇ ਸਿਰਫ਼ ਉਪਰ ਲੇਵਲ ਥਾਂ ਤੇ ਪੁੱਜਣ ਲਈ ਵੀ ਕਸ਼ਟ ਕਰਨਾ ਪੈਂਦਾ ਸੀ। ਸਮੇਂ ਸਮੇਂ ਕੁਮ੍ਹਾਰਾਂ ਨੇ ਉਪਰ ਜਾਣ ਲਈ ਜਾਂ ਤਾਂ ਕੱਟ ਕੇ ਪੌੜੀਆਂ ਬਣਵਾਈਆਂ ਹੋਈਆਂ ਸਨ, ਜਾਂ ਵਿੰਗੀਆਂ ਟੇਢੀਆਂ ਸੜਕਾਂ, ਲਾਂਘਿਆਂ ਤੇ ਥਾਂ ਥਾਂ ਦਰਵਾਜ਼ੇ ਬਣਵਾਏ ਹੋਏ ਸੀ ਅਤੇ ਆਉਣ ਵਾਲੇ ਰਸਤਿਆਂ ਤੇ ਵੇਖਣ ਲਈ ਮੀਨਾਰ, ਇੰਝ ਘਾਟ ਅਤੇ ਉਹਨਾਂ ਦੀਆਂ ਸ਼ਾਖਾਂ ਦੇ ਇਲਾਕੇ ਵਿਚ ਕਿਲ੍ਹਿਆਂ ਦੀ ਭਰਮਾਰ ਸੀ।

(Elphinston's History, 6th ed. P. 6155 Dpt., i, 7, Bombay Gazeeteer, XVII, Parti P. P. XXX 16.)

9. Aurangzeb Sarkar, VI 153.

10. Shiva Ji & His Time, Sarkar, P. 5. "ਇਸ ਤੋਂ ਇਨਕਾਰੀ ਨਹੀਂ ਕਿ ਉਹਦੇ ਕੋਲ ਮੁਗ਼ਲਾਂ ਵਿਰੁਧ (ਵਰਤਣ ਲਈ) ਸੱਠ ਕੁ ਪਹਾੜੀਆਂ ਹਨ, ਪਰ ਵਜ੍ਹਾ ਇਹ ਹੈ ਕਿ ਮੁਗ਼ਲ ਇਹਨਾਂ ਤੋਂ ਵਾਕਫ ਨਹੀਂ ਹਨ ਅਤੇ ਉਹਨਾਂ ਦੀ ਫੌਜ ਐਸੇ ਉਜਾੜ ਅਤੇ ਅਸੁਖਾਵੇਂ ਅਸਥਾਨਾਂ ਦੇ ਕਾਬਲ ਨਹੀਂ ਹੈ, ਸੋ ਬਚਾਉਣ ਦੀ ਥਾਂ ਇਹਨਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਛੱਡਣਾ ਪਸੰਦ ਕੀਤਾ, ਇਹ ਕਾਫੀ ਸਪੱਸ਼ਟ ਹੈ ਕਿ ਸ਼ਿਵਾ ਜੀ ਮੈਦਾਨ ਵਿਚ ਸਿਵਾਏ ਲੁੱਟ-ਮਾਰ ਕਰਕੇ ਤੇਜ਼ੀ ਨਾਲ ਮੁੜ ਆਉਣ ਦੇ ਹੋਰ ਕੁਝ ਨਹੀਂ ਕਰ ਸਕਦਾ, ਇਸ ਲਈ ਔਰੰਗਜ਼ੇਬ ਉਹਨੂੰ 'ਪਹਾੜੀ ਚੂਹਾ' ਕਹਿਕੇ ਪੁਕਾਰਦਾ ਹੈ, ਜਿਸ ਨਾਲ ਕਿ ਦੁਨੀਆਂ ਦੀ ਬੜੀ ਵੱਡੀ ਬਾਦਸ਼ਾਹੀ, ਜੋਕਿ ਪੁਸ਼ਤ-ਦਰ-ਪੁਸ਼ਤ ਚਲੀ ਆ ਰਹੀ ਹੈ। ਕਦੇ ਮੰਡਲਾਈ ਨਹੀਂ ਸੀ, ਇਸ ਲਈ ਆਦਮੀ ਦੀ ਥਾਂ ਪਹਾੜਾਂ ਨਾਲ ਲੜਨਾ ਕਾਫੀ ਔਖਾ ਦਿਸ ਰਿਹਾ ਹੈ।" (Fryer P. 171) ਦਾ ਹਵਾਲਾ Bernis ਦੇ ਸਫਰਨਾਮਾ ਵਿਚ ਸਫ਼ਾ 198, ਫੁਟ ਨੋਟ।

11. Aurangzeb, Sarkar, 1. 144.

12. "ਆਸ ਕੀਤੀ ਜਾਂਦੀ ਹੈ ਕਿ ਭੂਤਕਾਲ ਵਿਚ ਵੀ ਇਹਨਾਂ ਦੀ ਵਸੋਂ ਦੀ ਇਹੀ ਤਨਾਸਬ ਸੀ। (ਡਾ: ਤਾਰਾ ਚੰਦ, P. 102)

13. The History of India. J. C. Marshman, I, 154.

14. ਉਹੀ, ੧, ੧੫੫.

15. ਉਹੀ, ੧, ੧੬੦-੧੬੧.

16. Shiva Ji & His Times J. N. Sarkar, P. 124, ਸ਼ਿਵਾ ਜੀ ਦਾ ਭਰਾ ਵਾਕੋਜੀ ਮੁਗਲਾਂ ਦੀ ਮਦਦ ਕਰਦਾ ਹੁੰਦਾ ਸੀ (ਉਹੀ ਸਫਾ ੧੨੯)

17. ਆਲਮਗੀਰ ਦੀ ਤਖਤ-ਨਸ਼ੀਨੀ ਦੇ ਸੱਤਵੇਂ ਸਾਲ ੧੦੭੪ ਹਿਜਰੀ (੧੮ ਮਾਰਚ ੧੬੬੪ — ੭ ਮਾਰਚ ੧੬੬੫ (ਦਰਸ਼ਨ ਸਿੰਘ ਅਵਾਰਾ ਦਾ ਪੰਜਾਬੀ ਵਿਚ ਉਲਥਾ, ਸੰਪਾਦਤ ਡਾ: ਫੌਜਾ ਸਿੰਘ, ਸਫਾ ੬੩)

18. ਉਹੀ, ਸਫ਼ਾ ੪੮।

19. Shiva Ji & His Times, Sarkar 43 Aurangzeb, Sarkar, IV, 30.

20. Shiva Ji & His Times, Sarkar, P. 42.

(ᕮᕭ)


ESTD 1976

Phone : 573356

**A House of**

**Quality Readymade Garments**

**GENERAL HOUSE**

**S.C.F. 33, Phase-2,**

**S. A. S. Nagar (Mohali) Pb.**





Sri Satguru Jagjit Singh Ji eLibrary NamdhariElibrary@gmail.com

# ਰਾਵੀ ਦਾ ਪੁਲ

—ਜਗਦੀਸ਼ ਸਿੰਘ

ਇਕ ਅੰਗਰੇਜ਼ੀ ਦੀ ਚਰਚਿਤ ਫਿਲਮ ਹੈ 'ਵਾਰ ਐਂਡ ਪੀਸ' (ਜੰਗ ਅਤੇ ਅਮਨ)। ਇਹ ਰੂਸੀ ਲੇਖਕ ਟਾਲਸਟਾਏ ਦੇ ਮਸ਼ਹੂਰ ਨਾਵਲ ਤੇ ਅਧਾਰਤ ਹੈ। ਇਹ ਨੈਪੋਲੀਅਨ ਵਲੋਂ ਰੂਸ ਤੇ ਚੜ੍ਹਾਈ ਨਾਲ ਸੰਬੰਧਤ ਹੈ। ਨੈਪੋਲੀਅਨ ਰੂਸ ਵਲ ਵਧਦਾ ਮਾਸਕੋ ਤਕ ਚਲਾ ਜਾਂਦਾ ਹੈ। ਰੂਸੀ ਮੈਦਾਨੀ ਇਲਾਕਾ ਛੱਡਕੇ ਬਹੁਤ ਦੂਰ ਪਿਛਲੇਰੀਆਂ ਠੰਡੀਆਂ ਥਾਵਾਂ 'ਚ ਚਲੇ ਜਾਂਦੇ ਹਨ। ਆਖਰ ਅੱਕ ਕੇ ਭੁਖੀਆਂ ਤੇ ਦੁਖੀ ਫੌਜਾਂ ਲੈ ਕੇ ਨੈਪੋਲੀਅਨ ਅਪਣੇ ਦੇਸ ਫਰਾਂਸ ਵਲ ਮੁੜਦਾ ਹੈ। ਰਾਹ ਵਿਚ ਮੌਸਮ ਬਦਲਦਾ ਹੈ। ਅਥਾਹ ਠੰਢ ਬਾਰਸ਼, ਤੂਫਾਨ ਝਖੜ ਅਤੇ ਰੂਸੀ ਦਸਤਿਆਂ ਦੇ ਹਮਲਿਆਂ ਦੀ ਮਾਰ ਖਾਂਦੀਆਂ ਫਰਾਂਸੀਸੀ ਫੌਜਾਂ ਵਾਪਸ ਪਰਤ ਰਹੀਆਂ ਹੁੰਦੀਆਂ ਹਨ। ਉਹਨਾਂ ਦੀਆਂ ਗੱਡੀਆਂ ਦੇ ਪਹੀਏ ਦਲਦਲ ਵਿਚ ਫਸਦੇ ਹਨ। ਬਹੁਤ ਸਾਰੇ ਫਰਾਂਸੀਸੀ ਸਿਪਾਹੀ ਜ਼ੋਰ ਲਾ ਲਾ ਕੇ ਉਹਨਾਂ ਨੂੰ ਕਢ ਰਹੇ ਹਨ। ਜਿਲ੍ਹਣ ਵਿਚੋਂ ਧੱਕੇ ਲਾ ਲਾ ਅਗੇ ਤੋਰਨ ਦਾ ਜਤਨ ਕਰਦੇ ਹਨ। ਨੈਪੋਲੀਅਨ ਦੀ ਫੌਜ ਦੀ ਬੇਬਸੀ ਦਾ ਬਹੁਤ ਜ਼ਬਰਦਸਤ ਚਿਤਰਨ ਕੀਤਾ ਹੈ। ਜਦੋਂ ਇਹ ਫਿਲਮ ਮੈਂ ਵੇਖੀ ਤਾਂ ਇਉਂ ਲਗਾ ਜਿਵੇਂ ਇਹ ਸੀਨ ਸਾਡੇ ਤੇ ਹੀ ਫਿਲਮਾਇਆ ਗਿਆ ਹੈ। ਯਾਦ ਆਇਆ ਕਿ ਸੰਨ ਸੰਤਾਲੀ ਵਿਚ ਸਾਡਾ ਕਾਫਲਾ ਵੀ ਇਵੇਂ ਚਲ ਰਿਹਾ ਸੀ ਦਲਦਲ ਵਿਚ ਫਸਦਾ, ਚਿਕੜ ਵਿਚ ਲਿਬੜਦਾ, ਬਾਰਸ਼ ਵਿਚ ਭਿਜਦਾ ਅਤੇ ਹਮਲਿਆਂ ਤੋਂ ਬਚਦਾ ਬਚਾਉਂਦਾ। ਫਰਕ ਸਿਰਫ ਏਨਾ ਸੀ ਕਿ ਨੈਪੋਲੀਅਨ ਦਾ ਕਾਫਲਾ ਅਪਣੇ ਮੁਲਕ ਨੂੰ ਵਾਪਸ ਮੁੜ ਰਿਹਾ ਸੀ ਅਤੇ ਅਸੀਂ ਅਪਣੇ ਮੁਲਕ ਤੋਂ ਬਾਹਰ ਜਾ ਰਹੇ ਸਾਂ। ਉਹ ਅਪਣੇ ਵਤਨ ਵਾਪਸ ਪੁਜਣ ਵਿਚ ਰਾਹਤ ਮਹਿਸੂਸ ਕਰ ਰਿਹਾ ਸੀ ਅਸੀਂ ਵਤਨ ਤੋਂ ਦੂਰ ਜਾਣ ਵਿਚ। ਉਹ ਲੜ ਕੇ, ਜਿਤ ਕੇ, ਹਾਰਿਆ ਸੀ, ਅਸੀਂ ਨਾ ਲੜੇ ਨਾ ਜਿਤੇ ਨਾ ਹਾਰੇ। ਉਂਞ ਇਤਿਹਾਸ ਦੇ ਪੰਨਿਆਂ ਤੇ ਭਾਰਤ ਦੀ ਸਦੀਆਂ ਦੀ ਗੁਲਾਮੀ ਦਾ ਅੰਤ ਹੋਇਆ ਸੀ।

ਨਾਰੋਵਾਲ ਤੋਂ ਕਾਫਲਾ ਚਲਿਆ ਤਾਂ ਇਹਨੂੰ ਸੜਕ ਤੋਂ ਨਾ ਲੰਘਾਇਆ ਗਿਆ। ਬਾਹਰੋਂ ਬਾਹਰ ਖੇਤਾਂ ਵਿਚੋਂ ਜਾਂ ਉਜਾੜਾਂ ਵਿਚੋਂ ਦੀ ਇਹ ਚਲ ਰਿਹਾ ਸੀ। ਉਸ ਵੇਲੇ ਜਿਵੇਂ ਬਾਰਸ਼ ਦਾ ਪਾਣੀ ਅਪਣੀ ਮੌਜ ਨਾਲ ਜਿਧਰ ਮਰਜ਼ੀ ਤੁਰ ਜਾਂਦਾ ਹੈ ਉਵੇਂ ਹੀ ਸਾਡਾ ਕਾਫਲਾ ਵੀ ਜਿਸ ਪਾਸਿਓਂ ਰਾਹ ਲਭਦਾ ਓਧਰ ਹੀ ਚਲਿਆ ਜਾ ਰਿਹਾ ਸੀ। ਨਾਰੋਵਾਲ ਤੋਂ ਰਾਵੀ ਦਰਿਆ ਵਲ ਨੂੰ ਆਉਂਦਿਆਂ ਰਾਹ ਵਿਚ ਜੱਸੜ ਸਟੇਸ਼ਨ ਆਉਂਦਾ ਹੈ। ਜਸੜਾਂ ਦੀਆਂ ਉਜਾੜਾਂ ਵਿਚ ਦੀ ਇਹ ਕਾਫਲਾ, ਲੱਖਾਂ ਮਨੁੱਖਾਂ ਦਾ ਵਗਦਾ ਦਰਿਆ ਚਲਦਾ ਜਾ ਰਿਹਾ ਸੀ। ਉਪਰੋਂ ਬਾਰਸ਼ ਪੈ ਰਹੀ ਸੀ। ਪਾਣੀ ਗਿਟੇ ਗਿਟੇ ਤੋਂ ਗੋਡੇ ਹੋ ਗਿਆ ਸੀ।

ਲਖਾਂ ਮਨੁਖਾਂ ਦੀਆਂ ਲੱਤਾਂ ਨੇ ਖੇਤਾਂ ਦੀ ਮਿੱਟੀ ਦੀ ਘਾਣੀ ਬਣਾ ਦਿਤੀ ਸੀ। ਅਸੀਂ ਇਸ ਘਾਣੀ ਬਣੀ ਦਲ-ਦਲ ਵਿਚ ਧਸੀਂਦੇ ਜਾ ਰਹੇ ਸਾਂ ਅਤੇ ਅਗੇ ਨੂੰ ਵੀ ਸਰਕ ਰਹੇ ਸਾਂ। ਜਿਲਣ ਦਾ ਇਹ ਸਾਗਰ ਡੂੰਘੇ ਤੋਂ ਡੂੰਘਾ ਹੋ ਰਿਹਾ ਸੀ। ਵਧਦਾ ਵਧਦਾ ਇਹ ਲਕ ਲਕ ਤਕ ਆ ਗਿਆ ਸੀ। ਸਿਰਾਂ ਤੇ ਟਰੰਕ, ਬੁਸ਼ਕੀਆਂ ਚੁਕੀ ਲੋਕ ਇਸ ਜਿਲ੍ਹਣ ਵਿਚੋਂ ਅਗੇ ਨੂੰ ਸਰਕ ਰਹੇ ਸਨ। ਇਥੇ ਕਈ ਮੁਰਦਾ ਸਰੀਰ ਵੀ ਅਸੀਂ ਵੇਖੇ। ਇਹ ਤਾਜ਼ਾ ਮਰੇ ਸਨ ਕਿ ਪੁਰਾਣੇ ਸਨ ਇਸ ਵਲ ਧਿਆਨ ਨਹੀਂ ਸੀ। ਆਖਰ ਇਸ ਸੁਫਰ ਵਿਚ ਲੋਕ ਮਰ ਵੀ ਰਹੇ ਸਨ ਤੇ ਜੰਮ ਵੀ ਰਹੇ ਸਨ। ਲੋਕਾਂ ਦੇ ਸਿਰਾਂ ਦਾ ਭਾਰ ਹੁਣ ਜਾਨ ਦਾ ਖਓ ਬਣਨ ਲਗਾ। ਹੌਲੀ ਹੌਲੀ ਲੋਕਾਂ ਨੇ ਸਿਰਾਂ ਤੋਂ ਸਾਮਾਨ ਲਾਹ ਕੇ ਸੁਟਣਾ ਸ਼ੁਰੂ ਕੀਤਾ। ਜਾਨ ਹੈ ਤਾਂ ਜਹਾਨ ਹੈ। ਨਵੇਂ ਨਕੋਰ ਸਾਇਕਲ, ਟਰੰਕ, ਸਿਲਾਈ ਮਸ਼ੀਨਾਂ ਕਪੜਿਆਂ ਦੀਆਂ ਗੰਢਾਂ ਥਾਂ ਥਾਂ ਬਿਖਰੀਆਂ ਪਈਆਂ ਸਨ ਬਹੁਤ ਸਾਰੀਆਂ ਥਲੇ ਪੈਰਾਂ ਨੂੰ ਠੋਕਰ ਮਾਰਦੀਆਂ ਸਨ। ਮਜਬੂਰੀ ਨੇ ਇਨਸਾਨ ਨੂੰ ਬੇਹਦ ਇਮਾਨਦਾਰ ਬਣਾ ਦਿਤਾ ਸੀ। ਕੋਈ ਕਿਸੇ ਦੀ ਚੀਜ਼ ਨਹੀਂ ਸੀ ਚੁੱਕ ਰਿਹਾ। ਕੋਈ ਲਾਲਚ ਨਹੀਂ ਸੀ। ਤਿਆਗ ਦੀ ਭਾਵਨਾ ਹੀ ਸਿਖਰ ਤੇ ਸੀ। ਮੇਰ ਤੇਰ ਮੁਕ ਚੁਕਾ ਸੀ। ਪਰਾਈ ਤਾਤ ਖਤਮ ਹੋ ਗਈ ਸੀ। ਬਸ, ਮਨ ਨਿਰਮਲ ਭਇਆ ਜੈਸੇ ਗੰਗਾ ਨੀਰ ਜੇਹੀ ਹਾਲਤ ਸੀ। ਜਿਵੇਂ ਫਰਾਂਸੀਸੀ ਸਿਪਾਹੀ ਅਪਣੀਆਂ ਗਡੀਆਂ ਨੂੰ ਮੋਢੇ ਡਾਹ ਕੇ ਜਿਲਣ ਚੋਂ ਕਢਦੇ ਮਰਦੇ ਖਪਦੇ ਡਿਗਦੇ ਤੁਰੇ ਜਾ ਰਹੇ ਸਨ ਅਸੀਂ ਵੀ ਸਾਰਾ ਟੱਬਰ ਪੁਰਾਣੇ ਸਾਇਕਲ ਨੂੰ ਧੱਕ ਧੱਕ ਕੇ ਘਸੀਟ ਘਸੀਟ ਕੇ ਅਗੇ ਨੂੰ ਲਈ ਆ ਰਹੇ ਸਾਂ। ਸਾਰਾ ਕੁਝ ਸੁਟ ਸੁਟਾ ਕੇ ਪਤਾ ਨਹੀਂ ਕਿਉਂ ਇਵੇਂ ਲਗ ਰਿਹਾ ਸੀ ਜਿਵੇਂ ਇਸ ਸਾਇਕਲ ਨੂੰ ਸਹੀ



Sri Satguru Jagjit Singh Ji eLibrary NamdhariElibrary@gmail.com

ਸਲਾਮਤ ਲੈ ਜਾਣਾ ਹੀ ਇਕ ਪਰਮ ਧਰਮ ਸੀ। ਇਸ ਵੇਲੇ 'ਛਾਪਾ ਮਾਰ ਫੌਜਾਂ' ਵੀ ਸਾਮਾਨ ਲੁਟਣ ਦੀ ਝਾਕ ਵਿਚ ਨਾਲੋ ਨਾਲ ਚਲ ਰਹੀਆਂ ਸਨ ਪਰ ਕਾਫਲੇ ਦੇ ਵਿਰਾਟ ਸਰੂਪ ਅਗੇ ਇਹਨਾਂ ਲੁਟੇਰਿਆਂ ਦੀ ਬਾਹਲੀ ਪੇਸ਼ ਨਹੀਂ ਸੀ ਰਹੀ। ਇਸ ਤਰ੍ਹਾਂ ਚਲਦੇ ਚਲਦੇ ਅਸੀਂ ਜੱਸੜਾਂ ਦੇ ਬਾਹਰ ਡੁੰਮਾਂ ਕੋਲ ਆ ਗਏ। ਨਾਲ ਰੇਲ ਦੀ ਬੜੀ ਉਚੀ ਲਾਈਨ ਵੀ ਸੀ। ਜਦੋਂ ਡੁੰਮ੍ਹਾਂ ਵਿਚ ਪਾਣੀ ਵਧਣ ਲਗਾ ਤਾਂ ਕੁਲ ਕਾਫਲਾ ਰੇਲ ਲਾਈਨ ਦੇ ਨਾਲ ਨਾਲ ਸਿਮਟ ਕੇ ਬੈਠ ਗਿਆ। ਸਾਰੀ ਰਾਤ ਮੀਂਹ ਪੈਂਦਾ ਰਿਹਾ ਤੇ ਅਸੀਂ ਜਾਗਦੇ ਰਹੇ। ਡੁਮਾਂ ਵਿਚ ਏਨਾ ਪਾਣੀ ਸੀ ਕਿ ਉਹ ਸਮੁੰਦਰ ਦਾ ਭੁਲੇਖਾ ਪਾ ਰਿਹਾ ਸੀ। ਲਗ ਰਿਹਾ ਸੀ ਕਿ ਪਾਣੀ ਰੇਲ ਲਾਈਨ ਵੀ ਡਬੋ ਦੇਵੇਗਾ। ਸ਼ਾਇਦ ਸਾਰਾ ਕਾਫਲਾ ਹੀ ਰੱੜ੍ਹ ਦੇਵੇ।

ਦਿਨ ਚੜ੍ਹਦੇ ਤਕ ਬਾਰਸ਼ ਤਾਂ ਹਟ ਗਈ, ਪਰ ਜਿਧਰੇ ਨਜ਼ਰ ਜਾਵੇ ਪਾਣੀ ਹੀ ਪਾਣੀ ਸੀ। ਡੁੰਮ੍ਹਾਂ ਵਿਚ ਤਾਂ ਸ਼ਾਇਦ ਉਪਰੋਂ ਥੱਲੇ ਵੀਹ ਬੰਦੇ ਡੁੱਬ ਜਾਂਦੇ। ਸਵੇਰੇ 'ਛਾਪਾਮਾਰ' ਲੁਟੇਰਿਆਂ ਦੇ ਵੀ ਦਰਸ਼ਨ ਹੋਏ। ਫੌਜੀਆਂ ਨੇ ਦੋ ਫਾਇਰ ਕੀਤੇ। ਸਰ-ਰ-ਰ ਕਰਕੇ ਗੋਲੀਆਂ ਦੂਰ ਗੰਨੇ ਦੇ ਖੇਤਾਂ ਨੂੰ ਗਈਆਂ ਤੇ ਛਾਪਾਮਾਰਾਂ ਨੂੰ ਭੱਜਦਿਆਂ ਨੂੰ ਰਾਹ ਨਾ ਲੱਭਾ। ਠੰਢ, ਭੁੱਖ, ਨੀਂਦਰ ਕਮਜ਼ੋਰੀ ਨਾਲ ਨਿਢਾਲ ਪਏ ਲੋਕਾਂ ਨੂੰ ਰੇਲ ਗੱਡੀ ਦੀ ਚੀਕ ਸੁਣਾਈ ਦਿਤੀ। ਦੂਰੋਂ ਗੱਡੀ ਦੇ ਇੰਜਣ ਦਾ ਧੂੰਆਂ ਦਿਸਿਆ। ਹੁਣ ਰੇਲ ਗੱਡੀ ਵੀ ਆਉਂਦੀ ਦਿਸੀ। ਇਹ ਰਾਵੀ ਦੇ ਪੁਲ ਵਲੋਂ ਆ ਰਹੀ ਸੀ। ਜੱਸੜਾਂ ਤੋਂ ਅੱਗੇ ਰਾਵੀ ਵਲ ਤਾਂ ਕੋਈ ਸਟੇਸ਼ਨ ਨਹੀਂ ਸੀ, ਰਾਵੀ ਤੋਂ ਪਾਰ ਹੀ ਸੀ ਡੇਹਰਾ ਬਾਬਾ ਨਾਨਕ। ਇਵੇਂ ਇਹ ਗੱਡੀ ਭਾਰਤ 'ਚੋਂ 'ਪਾਕਿਸਤਾਨ' ਵਿਚ ਦਾਖਲ ਹੋ ਕੇ ਆ ਰਹੀ ਸੀ। ਰੇਲ ਲਾਈਨ ਦੇ ਨਾਲ ਨਾਲ ਲੱਖਾਂ ਸਿੱਖ ਹਿੰਦੂ ਬੈਠੇ ਹੋਣ ਤੇ ਗੱਡੀ ਭਾਰਤ ਤੋਂ ਪਾਕਿਸਤਾਨ ਜਾਵੇ! ਉਜੜ ਕੇ ਆਏ ਲੋਕਾਂ 'ਚੋਂ ਲੰਘ ਕੇ......ਖ਼ਬਰੇ ਕੀ ਘੱਲੂਘਾਰਾ ਵਾਪਰ ਜਾਵੇ? ਗੱਡੀ 'ਚੋਂ ਕੋਈ ਗੋਲੀ ਚਲਾ ਦੇਵੇ ਜਾਂ ਗੱਡੀ ਖਲ੍ਹਾਰਕੇ ਕਤਲੇ-ਆਮ ਸ਼ੁਰੂ ਹੋ ਜਾਵੇ। ਲੋਕ ਗੁੱਥਮਗੁੱਥਾ ਹੋ ਜਾਣ ਜਾਂ ਕੁਝ ਹੋਰ ਵਾਪਰ ਜਾਵੇ!

ਇਸ ਹੈਰਾਨੀ ਪਰੇਸ਼ਾਨੀ ਵਿਚ ਹੀ ਰੇਲ ਗੱਡੀ ਕੋਲ ਆ ਗਈ। ਉਸ ਵਿਚ ਭਾਰਤ 'ਚੋਂ ਬਚ ਕੇ ਆਏ ਮੁਸਲਮਾਨ ਬੈਠੇ ਸਨ ਸੁੰਨਮਸੁੰਨ। ਗੱਡੀ ਦੇ ਬਾਹਰ ਮੰਜੀਆਂ ਵੀ ਬੱਧੀਆਂ ਹੋਈਆਂ ਸਨ। ਲੋਕ ਦਰਵਾਜ਼ਿਆਂ 'ਚ ਵੀ ਲਟਕੇ ਹੋਏ ਸਨ। ਬਹੁਤੇ ਲੋਕ ਤਾਂ ਸਹਿਮੇ ਹੀ ਹੋਏ ਸਨ, ਪਰ ਇਕ ਨੌਜੁਆਨ ਨੇ ਨਾਅਰਾ ਮਾਰਿਆ, "ਨਾਅਰਾ-ਏ-ਤਕਬੀਰ—ਅੱਲਾਹ-ਹੂ-ਅਕਬਰ।" ਗੱਡੀ ਅੱਗੇ ਸਰਕ ਰਹੀ ਸੀ। ਇਕ ਸਿੱਖ ਮੁੰਡੇ ਨੂੰ ਵੀ ਜੋਸ਼ ਆਇਆ, ਉਹਨੇ ਉੱਚੀ ਆਵਾਜ਼ ਵਿਚ ਜੈਕਾਰਾ ਛੱਡਿਆ-"ਬੋਲੇ ਸੋ ਨਿਹਾਲ।"ਗੱਡੀ ਲੰਘ ਚੁਕੀ ਸੀ, ਮਗਰੋਂ ਸਤਿ ਸ੍ਰੀ ਅਕਾਲ ਕਿਸੇ ਨੇ ਕੀ ਕਹਿਣਾ ਸੀ, ਸਾਰੇ ਉਸ ਮੁੰਡੇ ਦੇ ਗਲ ਪੈ ਗਏ—"ਬੇਵਕੂਫ ਕਿਸੇ ਥਾਂ ਦਾ......ਤੈਨੂੰ ਪਤਾ ਨਹੀਂ ਵਕਤ ਕਿਹੋ ਜਿਹਾ ਜਾ ਰਿਹੈ!" ਨੌਜਵਾਨ ਸਿੰਘ ਛਿੱਥਾ ਜਿਹਾ ਪੈ ਗਿਆ।

ਸੂਰਜ ਚੜ੍ਹਨ ਨਾਲ ਕੁਝ ਨਿੱਘ ਮਹਿਸੂਸ ਹੋਇਆ। ਕੱਪੜੇ ਸੁੱਕਣ ਲੱਗੇ। ਤਾਇਆ ਮੇਹਰ ਸਿੰਘ ਹੋਰਾਂ ਕੋਲ ਇਕ ਪੋਟਲੀ ਵਿਚ ਕੱਚੇ ਛੋਲੇ ਸਨ, ਉਹ ਭਿੱਜ ਭਿੱਜ ਕੇ ਫੁਲ ਗਏ ਸਨ। ਉਨ੍ਹਾਂ ਕੱਚਿਆਂ ਛੋਲਿਆਂ ਦਾ ਨਾਸ਼ਤਾ ਕੀਤਾ ਗਿਆ। ਸੁਆਦ ਦੀ ਸਿਖਰ ਸੀ—ਜੀ ਕਰੇ ਖਾਂਦੇ ਹੀ ਜਾਈਏ, ਪਰ ਜਿਹਦੇ ਹੱਥ ਇਕ ਲੱਪ ਆ ਗਈ ਉਸ ਵਾਸਤੇ ਇਹ ਗਨੀਮਤ ਹੀ ਸੀ। ਹੁਣ ਅੰਤਮ ਪੜਾਅ ਵਾਸਤੇ ਤਿਆਰੀ ਸੀ। ਜੇ ਸਮਾਂ ਸੁਖੀਂ-ਸਾਂਦੀਂ ਲੰਘ ਗਿਆ ਤਾਂ ਅਸਾਂ ਅੱਜ ਹੀ ਰਾਵੀ ਪਾਰ ਕਰ ਜਾਣਾ ਸੀ।

ਪਠਾਨਕੋਟ ਤੋਂ ਜੰਮੂ ਜਾਂਦਿਆਂ ਇਕ ਕਸਬਾ ਆਉਂਦਾ ਹੈ ਸਾਂਬਾ। ਇਥੇ ਬੱਸ ਪਹੁੰਚੇ ਤਾਂ ਦਾਲ ਦੇ ਭੱਲਿਆਂ ਵਾਲਿਆਂ ਦੀਆਂ ਹੇੜ੍ਹਾਂ ਬੱਸਾਂ ਦੁਆਲੇ ਹੋ ਜਾਂਦੀਆਂ ਹਨ। ਪਰ ਮੈਨੂੰ ਇਥ ਪੁਜ ਕੇ ਦੋ ਗੱਲਾਂ ਸਦਾ ਯਾਦ ਆ ਜਾਂਦੀਆਂ ਹਨ—ਇਕ ਤਾਂ ਸੰਨ ਪੈਂਹਠ ਦੀ ਯਾਦ ਜਦੋਂ ਇਸ ਅੱਡੇ ਤੇ ਹੀ ਪਾਕਿਸਤਾਨੀ ਬੰਬਾਰਾਂ ਨੇ ਬੰਬ ਸੁਟਿਆ ਸੀ, ਤੇ ਅਸੀਂ ਮਰਦੇ ਮਰਦੇ ਬਚ ਗਏ ਸਾਂ।...ਤੇ ਦੂਜੀ ਯਾਦ ਹੈ ਸਾਂਬੇ ਦੇ ਐਨ ਨਾਲ ਵਗਦੀ ਖੂਬਸੂਰਤ ਦ੍ਰਿਸ਼ ਵਾਲੀ ਨਦੀ 'ਬਸੰਤਰ'। ਬਸੰਤਰ ਵਿਚ ਏਨਾ ਕੁ ਪਾਣੀ ਹੀ ਹੁੰਦਾ ਹੈ ਕਿ ਬੰਦਾ ਸਾਰੀ ਨਦੀ ਪਾਰ ਕਰ ਜਾਵੇ ਤੇ ਫੇਰ ਵੀ ਸੁੱਕਾ ਹੀ ਰਹੇ। ਬਸੰਤਰ ਦਾ ਅਰਥ ਤਾਂ ਅੱਗ ਹੁੰਦਾ ਹੈ। ਪਾਣੀ ਵਾਲੀ ਨਦੀ ਦਾ ਨਾਮ ਬਸੰਤਰ ਹੋਵੇ ਤਾਂ ਇਸ ਦਾ ਰਾਜ਼ ਤਾਂ ਡੂੰਘਾ ਹੀ ਹੈ ਨਾ। ਇਹ ਬਸੰਤਰ ਨਦੀ ਵਾਲਾ ਦੇਵਤਾ ਸੰਨ ਸੰਤਾਲੀ ਵਿਚ ਸਾਡਾ ਰਾਹ ਰੋਕ ਕੇ ਖਲੋ ਗਿਆ ਸੀ। ਜਦੋਂ ਅਸੀਂ ਜੱਸੜਾਂ ਦੇ ਡੁੰਮ੍ਹਾਂ ਤੋਂ ਰਾਵੀ ਦੇ ਪੁਲ ਵਾਸਤੇ ਚੱਲੇ ਸਾਂ ਤਾਂ ਇਹ ਹੀ ਬਸੰਤਰ ਰਾਹ ਵਿਚ ਸਾਡੀ ਅੰਤਮ ਰੋਕ ਸੀ। ਜਿਹੜੇ ਬਸੰਤਰ ਵਿਚੋਂ ਪੈਦਲ ਪਾਰ ਲੰਘ ਜਾਈਦਾ ਹੈ ਉਸ ਬਸੰਤਰ ਵਿਚ ਉਦੋਂ ਇਵੇਂ ਸੀ ਜਿਵੇਂ ਕੁਲ ਦੁਨੀਆ ਦਾ ਪਾਣੀ ਆ ਗਿਆ ਹੋਵੇ। ਉਧਰੋਂ ਅੰਤਮ ਪੜਾਅ ਕਰਕੇ ਜ਼ਬਤ


Sri Satguru Jagjit Singh Ji eLibrary NamdhariElibrary@gmail.com

ਟੁੱਟ ਰਹੇ ਸਨ, ਲੋਕ ਅੱਗੇ ਤੋਂ ਅੱਗੇ ਜਾਣ ਦੇ ਜਤਨ ਵਿਚ ਸਨ ਤੇ ਸਾਹਮਣੇ ਬਿਫਰਿਆ ਹੋਇਆ ਬਸੰਤਰ ਸੀ। ਬਸੰਤਰ ਪਾਰ ਕਰਨ ਦਾ ਇਕੋ ਇਕ ਮਾਰਗ ਰੇਲ ਪਟੜੀ ਰਹਿ ਗਿਆ ਸੀ। ਬਸੰਤਰ ਦੇ ਪੁਲ ਤੇ ਹਜੂਮ 'ਕੱਠਾ ਹੋ ਗਿਆ ਸੀ। ਜੇ ਫੌਜੀ ਜਵਾਨ ਨਾ ਹੁੰਦੇ ਤਾਂ ਭਗਦੜ ਮਚ ਜਾਣੀ ਸੀ ਅਤੇ ਬਹੁਤੇ ਲੋਕ ਬਸੰਤਰ ਦੀ ਭੇਟ ਹੋਣੇ ਸਨ। ਅਸੀਂ ਰੇਲ ਮਾਰਗ ਤੇ ਅੱਗੇ ਤਾਂ ਚੰਗੇ ਭਲੇ ਤੁਰੇ ਜਾ ਰਹੇ ਸਾਂ, ਪਰ ਪੁਲ ਤੇ ਪਤਾ ਨਹੀਂ ਕੀ ਅੜਿੱਕਾ ਪਿਆ ਸੀ? ਅੱਧੇ ਕੁ ਘੰਟੇ ਬਾਅਦ ਕੁਝ ਰਾਹ ਬਣਿਆ ਤਾਂ ਪਤਾ ਲਗਾ ਕਿ ਅਸਲ ਵਿਚ ਪੁਲ ਤੋਂ ਲੰਘਣ ਵਾਸਤੇ ਕੇਵਲ ਤਿੰਨ ਫੁਟ ਚੌੜੀਆਂ ਜਿਸਤ ਦੀਆਂ ਚਾਦਰਾਂ ਹੀ ਸਨ। ਉਹਨਾਂ ਦੇ ਆਲੇ ਦੁਆਲੇ ਤਾਂ ਲੱਕੜੀ ਦੇ ਵੱਡੇ ਸ਼ਤੀਰ ਹੀ ਸਨ। ਥੱਲੇ ਸ਼ੂਕਦਾ ਬਸੰਤਰ ਸੀ। ਅੱਖ ਝਮਕ ਜਾਵੇ ਤਾਂ ਬੰਦਾ ਦਰਿਆ ਵਿਚ। ਇਸ ਕਰਕੇ ਲੋਕ ਇਕ ਹੀ ਰਫਤਾਰ ਵਿਚ ਲੰਘ ਰਹੇ ਸਨ। ਇਥੇ ਦੇਰ ਤਾਂ ਲਗ ਗਈ, ਪਰ ਇਕ ਲਾਭ ਵੀ ਹੋਇਆ— ਅਗਲੇ ਸਫਰ ਵਾਸਤੇ ਇਕ ਕਤਾਰ ਆਪੇ ਹੀ ਬਣ ਗਈ ਸੀ।

ਪੁਲ ਨੂੰ ਸਣੇ ਸਾਇਕਲ ਦੇ ਹੌਲੀ ਹੌਲੀ ਪਾਰ ਕੀਤਾ। ਪੁਲ ਪਾਰ ਕਰਕੇ ਅਸੀਂ ਲਾਇਨ ਤੇ ਹੀ ਤੁਰ ਰਹੇ ਸਾਂ। ਇਸ ਵੇਲੇ ਨਾਲ ਨਾਲ ਕਮਾਦ ਸੀ। ਉਸ ਵਿਚੋਂ ਕੁਝ 'ਸਜਨ' ਆਉਣ ਦਾ ਜਤਨ ਕਰ ਰਹੇ ਸਨ। ਇਕ ਦੋ ਗੋਲੀਆਂ ਫੌਜੀਆਂ ਚਲਾਈਆਂ। ਉਸ ਬਾਦ ਇਹ ਸਿਲਸਿਲਾ ਮੁਕ ਗਿਆ। ਰਾਵੀ ਦਾ ਉੱਚਾ ਪੁਲ ਹੁਣ ਸਾਡੀ ਨਜ਼ਰ ਦੀ ਹੱਦ ਵਿਚ ਸੀ। ਪੈਂਡਾ ਦੋ ਕੁ ਮੀਲ ਦਾ ਬਾਕੀ ਸੀ। ਰਾਵੀ ਦਾ ਪੁਲ ਦੋਹਰਾ ਹੈ। ਰੇਲ ਅਤੇ ਸੜਕ ਇਕੋ ਪੁਲ ਤੇ ਹੀ ਬਣੇ ਹੋਏ ਸਨ। ਰੇਲਵੇ ਲਾਈਨ ਦੇ ਸਮਾਨੰਤਰ ਥੋਹੜੀ ਦੂਰ ਤੇ ਹੀ ਸੜਕ ਵੀ ਸੀ। ਉਸ ਸੜਕ ਤੇ ਤਾਂ ਇਕ ਹੋਰ ਕਾਫਲਾ ਬੈਠਾ ਸੀ। ਗੱਡੇ, ਗੜਬਹਿਲਾਂ ਸਮੇਤ ਲੋਕ ਬੈਠੇ ਸਨ, ਗੁੱਛੂ ਮੁੱਛੂ ਹੋਏ। ਇਹ ਮੁਸਲਮਾਨਾਂ ਦਾ ਕਾਫਲਾ ਸੀ ਜੋ ਪੁਲ ਪਾਰ ਕਰਕੇ 'ਅਪਣੇ ਮੁਲਕ' ਪਾਕਿਸਤਾਨ ਵਿਚ ਆ ਗਿਆ ਸੀ। ਬੇਘਰ ਹੋਏ ਇਹ ਲੋਕੀਂ ਖੌਰੇ ਕਿੰਨੇ ਜੀਅ ਮਰਵਾ ਕੇ ਆਏ ਸਨ। ਨਾ ਕੋਈ ਨਾਅਰਾ ਮਾਰ ਰਿਹਾ ਸੀ ਨਾ ਕੋਈ ਬੋਲ ਰਿਹਾ ਸੀ। ਖਾਮੋਸ਼ੀ ਹੀ ਭਾਸ਼ਾ ਸੀ। ਪੁਛਦੀਆਂ ਦਸਦੀਆਂ ਨਜ਼ਰਾਂ ਹੀ ਦੋਹੀਂ ਪਾਸੀਂ ਸੰਚਾਰ ਦਾ ਮਾਧਿਅਮ ਸਨ। ਮਿਲਟਰੀ ਅਫਸਰ ਜਲਦੀ ਚਲੋ ਜਲਦੀ ਚਲੋ ਕਹਿ ਕੇ ਲੋਕਾਂ ਨੂੰ ਹੱਕ ਰਹੇ ਸਨ। ਇਸ ਸਮੇਂ ਕੁਝ ਵੀ ਵਾਪਰ ਸਕਦਾ ਸੀ। ਉਹਨਾਂ ਵਿਚਾਰਿਆਂ (ਫੌਜੀਆਂ) ਦੇ ਮਿਸ਼ਨ ਦੀ ਸਫਲਤਾ ਜਾਂ ਅਸਫਲਤਾ ਵਿਚ ਥੋਹੜੀ ਹੀ ਵਿੱਥ ਸੀ ਇਸ ਵਾਸਤੇ ਉਹ ਚਾਹੁੰਦੇ ਸਨ ਕਿ ਇਹ ਲੋਕ ਛੇਤੀ ਰਾਵੀ ਪਾਰ ਕਰ ਜਾਣ। ਸਾਡੇ ਵਾਸਤੇ ਵੀ ਰਾਵੀ ਦਾ ਪੁਲ ਜ਼ਿੰਦਗੀ ਦਾ ਪੁਲ ਸੀ ਅਤੇ ਇਸ ਵਿਚਲਾ ਫਾਸਲਾ ਮੌਤ ਅਤੇ ਜੀਵਨ ਵਿਚਲਾ ਫਾਸਲਾ ਸੀ। ਏਨੇ ਦਿਨ ਰਾਤ ਭੁੱਖੇ ਭਾਣੇ ਤੁਰਦਿਆਂ ਦਾ ਸਾਹ ਸਤ ਤਾਂ ਮੁਕ ਚੁੱਕਾ ਸੀ, ਪਰ ਆਖਰੀ ਹੰਭਲਾ ਮਾਰ ਕੇ ਅਸੀਂ ਤੁਰਦੇ ਗਏ। ਪੁਲ ਦੇ ਲਾਗੇ ਆ ਰਹੇ ਸਾਂ ਹੋਰ ਲਾਗੇ। ਪੁਲ ਦਾ ਆਕਾਰ ਅਤੇ ਸਾਡੇ ਦਿਲ ਦੀਆਂ ਧੜਕਣਾਂ ਵਧ ਰਹੀਆਂ ਸਨ। ਕੀ ਸਚਮੁਚ ਸਾਡੀਆਂ ਮੁਸੀਬਤਾਂ ਦਾ ਅੰਤ ਹੋਣ ਵਾਲਾ ਹੈ?

ਸਾਨੂੰ ਇਕ ਗੱਲ ਦੀ ਹੈਰਾਨੀ ਵੀ ਸੀ ਅਤੇ ਡਰ ਵੀ ਸੀ। ਸਾਥੋਂ ਅੱਗੇ ਜਾ ਰਹੇ ਲੋਕ ਪਤਾ ਨਹੀਂ ਕਿੱਥੇ ਖਪਦੇ ਜਾ ਰਹੇ ਸਨ। ਉਹ ਦਿਸ ਨਹੀਂ ਸਨ ਰਹੇ। ਜਿਵੇਂ ਪੁਲ ਦੇ ਹੇਠ ਕੋਈ ਖੁੱਡ ਹੋਵੇ ਉਸ ਵਿਚ ਵੜਦੇ ਜਾ ਰਹੇ ਸਨ। ਜਾਂ ਦਰਿਆ ਰਾਵੀ ਵਿਚ ਹੀ ਡੁੱਬਦੇ ਜਾ ਰਹੇ ਸਨ। ਜੇ ਅਜੇਹੀ ਗੱਲ ਹੁੰਦੀ ਤਾਂ ਰੌਲਾ ਤਾਂ ਪੈਣਾ ਹੀ ਸੀ। ਪਰ ਲੋਕ ਬਗੈਰ ਕਿਸੇ ਤੌਖਲੇ ਦੇ ਚਲਦੇ ਜਾ ਰਹੇ ਸਨ। ਹੌਲੀ ਹੌਲੀ ਅਸੀਂ ਵੀ ਉਸ ਥਾਂ ਪੁਜ ਗਏ, ਪੁਲ ਦੇ ਐਨ ਕੋਲ। ਹੁਣ ਅਸੀਂ ਰੇਲ ਪਟੜੀ ਛਡ ਕੇ ਦਰਿਆ ਰਾਵੀ ਦੇ ਕੰਢੇ ਪੁਜ ਗਏ। ਨੱਕੋ-ਨੱਕ ਭਰੀ ਲਾਲ ਰੰਗ ਦੀ ਰਾਵੀ ਦੂਰ ਤਕ ਬਿਫਰੀ ਹੋਈ ਸੀ। ਤੇਜ਼ ਵਗਦੇ ਪਾਣੀ ਨੂੰ ਵੇਖ ਕੇ ਡਰ ਲਗਦਾ ਸੀ। ਵਿਚ ਵਿਚ ਲਾਸ਼ਾਂ ਮੰਜੇ ਤੇ ਹੋਰ ਸਮਾਨ ਵੀ ਰੁੜ੍ਹ ਰਿਹਾ ਸੀ। ਇਥੇ ਸਾਡੇ ਵਾਸਤੇ ਬਹੁਤ ਖਤਰਨਾਕ ਮੋੜ ਸੀ। ਥਲਿਓਂ ਰਾਵੀ ਦੇ ਪਾਣੀ ਦੇ ਬਿਲਕੁਲ ਨਾਲ ਦੀ ਹੋ ਕੇ ਸਜੇ ਮੁੜ ਕੇ ਪੁਲ ਦੇ ਹੇਠੋਂ ਵਾਪਸ ਉਪਰ ਨੂੰ ਸੜਕ ਤੇ ਪੁਜਣਾ ਸੀ। ਬਿਲਕੁਲ ਸਿਧੀ ਚੜ੍ਹਾਈ ਜਿਵੇਂ ਤੁਰ ਕੇ ਕੰਧ ਉਤੇ ਚੜ੍ਹਨਾ ਹੋਵੇ। ਚੀਕਣੀ ਮਿਟੀ ਵਿਚ ਪੈਰ ਤਿਲਕ ਰਹੇ ਸਨ, ਇਹ ਸੌ ਕੁ ਫੁਟ ਦੀ ਚੜ੍ਹਾਈ ਆਖਰੀ ਰਿਸਕ ਸੀ। ਹੁਣ ਪਤਾ ਲਗਾ ਕੇ ਕਾਫਲੇ ਦਾ ਅਗਲਾ ਸਿਰਾ ਕਿਥੇ ਵੜ ਗਿਆ ਸੀ।

ਸਾਡਾ ਆਖਰੀ ਹੱਲਾ ਸੀ, ਸੋ ਅਸਾਂ ਸਾਰਿਆਂ ਰਲਕੇ ਮਾਰਿਆ। ਸਾਇਕਲ ਨੂੰ ਪਿਛੋਂ ਬਹੁਤ ਸਾਰਿਆਂ ਨੇ ਧੱਕਿਆ



Sri Satguru Jagjit Singh Ji eLibrary NamdhariElibrary@gmail.com

ਅਤੇ ਇਸੇ ਜੋਸ਼ ਵਿਚ ਹੀ ਅਸੀਂ ਧੁਰ ਉਪਰ ਚੋਟੀ ਤੇ ਪਹੁੰਚ ਗਏ। ਭਾਵ ਪੱਕੀ ਸੜਕ ਉਤੇ ਪੁਜ ਗਏ। ਉਪਰੋਂ ਸਾਰਾ ਨਜ਼ਾਰਾ ਦਿਸ ਰਿਹਾ ਸੀ। ਪਹਾੜ ਵਾਲੇ ਪਾਸੇ ਇਕ ਬਹੁਤ ਖੂਬਸੂਰਤ ਚਿੱਟੇ ਪੱਥਰ ਦੀ ਇਮਾਰਤ ਦਿਸਦੀ ਪਈ ਸੀ। ਉਧਰ ਲੋਕਾਂ ਨੇ ਝੁਕ ਕੇ ਪ੍ਰਣਾਮ ਕੀਤੀ। ਪਿਤਾ ਜੀ ਨੇ ਮੈਨੂੰ ਦਸਿਆ ਕਿ ਇਹ ਹੀ ਗੁਰਦੁਆਰਾ ਕਰਤਾਰਪੁਰ ਸਾਹਿਬ ਹੈ। ਮੈਂ ਇਸ ਦੇ ਪਹਿਲੀ ਵਾਰ ਦਰਸ਼ਨ ਕੀਤੇ। ਇਹ ਉਹ ਹੀ ਕਰਤਾਰਪੁਰ ਸੀ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖਰੀ ਸਾਲ ਗੁਜ਼ਾਰੇ। ਖੇਤੀ ਕੀਤੀ, ਉਦਾਸੀ ਭੇਖ ਉਤਾਰਕੇ ਸੰਸਾਰੀ ਕੱਪੜੇ ਪਹਿਨੇ। ਇਹ ਸਾਰੇ ਦੜਪ ਦੇ ਇਲਾਕੇ ਦੇ ਲੋਕਾਂ ਦੀ ਜ਼ਿਆਰਤਗਾਹ ਸੀ। ਇਥੋਂ ਦੇ ਦੀਵਾਨਾਂ ਦੀ ਰੌਣਕ ਦੀਆਂ ਲੋਕ ਕਹਾਣੀਆਂ ਪਾਉਂਦੇ ਹੁੰਦੇ ਸਨ। ਅੱਜ ਇਹ ਗੁਰਦੁਆਰਾ ਖਾਮੋਸ਼ ਖੜ੍ਹਾ ਸੀ। ਕਦੀ ਬਾਬਾ ਨਾਨਕ ਸਾਰਾ ਸੰਸਾਰ ਭੌਂ ਕੇ ਕਰਤਾਰਪੁਰ ਆਇਆ ਸੀ। ਅੱਜ ਬਾਬੇ ਦੀ ਉਮਤ ਇਹ ਕਰਤਾਰਪੁਰ ਆਪਣੀਆਂ ਅੱਖਾਂ ਸਾਹਮਣੇ ਛੱਡ ਕੇ ਜਾ ਰਹੀ ਸੀ। ਦੂਰ ਪੂਰਬ ਵੱਲ ਡੇਹਰਾ ਬਾਬਾ ਨਾਨਕ ਦੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦਿਸ ਰਹੇ ਸਨ। ਡੇਹਰਾ ਬਾਬਾ ਨਾਨਕ ਜਿਥੇ ਬਾਬੇ ਗੁਰੂ ਨਾਨਕ ਜੀ ਨੇ ਆਪਣਾ ਸਰੀਰ ਤਿਆਗਿਆ। ਇਕ ਗੁਰਦੁਆਰਾ ਰਾਵੀ ਦੇ ਓਸ ਪਾਰ ਇਕ ਏਸ ਪਾਰ। ਇਕ ਪਾਕਿਸਤਾਨ ਵਿਚ ਇਕ ਭਾਰਤ ਵਿਚ। ਦੋ ਗੁਰਦੁਆਰਿਆਂ ਵਿਚ ਲੀਕ ਵੱਜ ਗਈ।

ਗੁਰੂ ਬਾਬੇ ਦੀ ਦੇਹ ਤਿਆਗਣ ਸਮੇਂ ਹਿੰਦੂਆਂ ਮੁਸਲਮਾਨਾਂ ਵਿਚ ਝਗੜਾ ਹੋਇਆ ਬਾਬੇ ਦੀ ਦੇਹ ਦੇ ਅੰਤਮ ਸੰਸਕਾਰ ਨੂੰ ਲੈ ਕੇ। ਇਕ ਕਹਿਣ ਬਾਬਾ ਹਿੰਦੂ ਸੀ ਦੂਜੇ ਕਹਿਣ ਮੁਸਲਮਾਨ ਸੀ। ਬਾਬੇ ਨੂੰ ਦੋਹਵੇਂ ਪਿਆਰ ਕਰਦੇ ਸਨ। ਬਾਬਾ ਸਭ ਦਾ ਸਾਂਝਾ ਸੀ। ਸਾਂਝ ਦਾ ਉਹਦਾ ਸੰਦੇਸ਼ ਸੀ। ਲੋਕ ਪੜ੍ਹਦੇ ਹੁੰਦੇ ਸਨ : ਸਭਨਾਂ ਦਾ ਸਾਂਝਾਬਾਬਾ ਸਭਨਾਂ ਦਾ ਪੀਰ ਜੀ। ਅੱਜ ਹਿੰਦੂਆਂ ਮੁਸਲਮਾਨਾਂ ਦੀਆਂ ਦਿਸ਼ਾਵਾਂ ਵਖਰੀਆਂ ਹੋ ਗਈਆਂ ਸਨ। ਇਕ ਆ ਰਹੇ ਸਨ ਇਕ ਜਾ ਰਹੇ ਸਨ। ਖਾਮੋਸ਼ ਗੁਰਦੁਆਰਾ ਕਰਤਾਰਪੁਰ ਅਤੇ ਡੇਹਰਾ ਬਾਬਾ ਨਾਨਕ ਨੂੰ ਦੂਰ ਛੱਡ ਛੱਡਕੇ। ਪੁਲ ਤੇ ਖਲੋਤਿਆਂ ਸਾਡਾ ਇਕ ਪੈਰ ਪਾਕਿਸਤਾਨ ਵਿਚ ਸੀ ਤੇ ਦੂਸਰਾ ਹਿੰਦੁਸਤਾਨ ਵਿਚ। ਸਾਡੇ ਥਲੇ ਰਾਵੀ ਦਾ ਪੁਲ ਸੀ ਪਾਕਿਸਤਾਨ ਤੇ ਹਿੰਦੁਸਤਾਨ ਦੀ ਸਾਂਝ ਦਾ ਪੁਲ। ਅਸਾਂ ਇਕ ਕਦਮ ਪੁਟਿਆ, ਆਖਰੀ ਕਦਮ ਜਿਸ ਨਾਲ ਸਾਡਾ ਵਤਨ, ਸਾਡੀ ਜੰਮਨ ਭੋਇੰ ਵਦੇਸ਼ੀ ਧਰਤੀ ਬਣ ਗਿਆ ਸੀ... ਬਾਹਰਲਾ ਮੁਲਕ ਬਣ ਗਿਆ ਸੀ ..ਸਾਡਾ ਦੁਸ਼ਮਣ ਦੇਸ਼। ਅਸੀਂ ਤਾਂ ਇਹ ਵੀ ਨਹੀਂ ਸੀ ਕਹਿ ਸਕਦੇ :

"ਖੁਸ਼ ਰਹੋ ਅਹਿਲੇ ਵਤਨ, ਹਮ ਤੋਂ ਸਫਰ ਕਰਤੇ ਹੈਂ।"

ਉਂਞ ਵਤਨ ਦੀ ਮਿੱਟੀ ਦੀ ਕਿੰਨੀ ਮਹਾਨਤਾ ਹੈ। ਵਤਨ ਤੋਂ ਕੁਝ ਦਿਨ ਦੂਰ ਰਹਿਣ ਪਿਛੋਂ ਪੰਜਾਬੀ ਦੇ ਕਵੀ ਸਵ ਤਾਰਾ ਸਿੰਘ ਨੇ ਲਿਖਿਆ ਸੀ :

ਮੇਰੇ ਵਤਨ ਦੀਏ ਮਿੱਟੀਏ
ਨੀ ਮੇਰੀ ਮਹਿਰਮੇ
ਆਇਆ ਹਾਂ, ਤੈਥੋਂ ਦੂਰ
ਮੈਂ ਕੁਝ ਦਿਨ ਗੁਜ਼ਰ ਕੇ
ਤੜਫੀ ਹੈ ਮੇਰੀ ਜਿੰਦ
ਤੇਰੀ ਛੁਹ ਦੇ ਵਾਸਤੇ
ਯਾਦਾਂ 'ਚ ਦਿਲ ਤਾਂ ਮਹਿਕਦੇ
ਸਦਮੇ ਸਹਾਰ ਕੇ

ਉਦੋਂ ਵਤਨ ਛੜਦਿਆਂ ਜੋ ਸਵਾਲ ਜ਼ਹਿਨ ਵਿਚ ਸਨ ਉਹ ਅਜ ਵੀ ਹਨ ਕਵੀ ਦੇ ਸ਼ਬਦਾਂ ਵਿਚ :

ਪਰ ਮਹਿਰਮੇ ਪਿਆਰੀਏ
ਏਨੀ ਕੁ ਗੱਲ ਦੱਸ—
ਕਿਉਂ ਤੇਰੇ ਪੁੱਤਰਾਂ ਦਾ
ਪਿਆਰ ਸੜ ਗਿਆ ?
ਤੇਰਾ ਤਾਂ ਮਾਣ ਤਾਣ ਸਨ,
ਤੇਰੀ ਤਾਂ ਅਣਖ ਸਨ,
ਤੇਰਾ ਤਾਂ ਇਹ ਸ਼ਿੰਗਾਰ ਸਨ,
ਸ਼ੰਗਾਰ ਸੜ ਗਿਆ ?

ਤੇਰੇ ਤਾਂ ਪਾਣੀ, ਰਹਿਮਤਾਂ ਦੇ—
ਸੋਮਿਆਂ ਜਿਹੇ
ਇਹ ਪੀੜ ਵਾਲੇ—
ਦਹਿਕਦੇ ਅੰਗਿਆਰ ਕਿਉਂ ਬਣੇ ?
ਬਾਹਵਾਂ ਸੀ ਭਾਈ ਭਾਈਆਂ ਦੇ
ਸਹਾਰਾ ਹੱਥ ਸੀ,
ਇਹ ਹੱਥ ਮੇਰੀਏ ਮਹਿਰਮੇ —
ਹਥਿਆਰ ਕਿਉਂ ਬਣੇ ?

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਪਿੰਡ ਦੀਆਂ ਯਾਦਾਂ (੩)

—ਗੁਰਦੇਵ ਸਿੰਘ ਹੰਜਰਾ

## (ਬਿਰਤਾਂਤ ਪਿੰਡ ਦੇ)

ਗੋਤੇ ਪਿੰਡ ਵਿਚ ਮਸ਼ੀਨਾਂ (ਚੱਕੀਆਂ) ਆਟੇ ਵਾਲੀਆਂ ਲੱਗੀਆਂ ਹੋਈਆਂ ਸਨ ਇਸ ਕਰਕੇ ਜਿਨਾਂ ਦਾ ਖਰਾਸ ਦਾ ਜੁਗਾੜ ਨਹੀਂ ਸੀ ਬਣਦਾ ਉਹ ਮਸ਼ੀਨੋਂ ਭਿਆ ਲਿਆਉਂਦੇ ਸੀ। ਖਾਣ ਵਾਸਤੇ, ਤੰਦੂਰ ਦੀ ਰੋਟੀ ਆਮ ਤੌਰ ਤੇ ਚਲਦੀ ਸੀ ਕਿਉਂਕਿ ਬਾਲਣ ਪਿੰਡ ਵਿਚ ਖੁਲ੍ਹਾ ਹੁੰਦਾ ਸੀ ਇਸ ਕਰਕੇ ਇਕ ਨੇ ਤੰਦੂਰ ਤੌਣਾਂ ਤੇ ਲਾਗੇ ਚਾਗੇ ਦੀਆਂ ਘਰਾਂ ਵਾਲੀਆਂ ਨੇ ਵਾਰੀ ਵਾਰੀ ਆਪਣੀਆਂ ਰੋਟੀਆਂ ਲਾਹ ਲੈਣੀਆਂ। ਖਾਣ ਨੂੰ ਕਣਕ ਦਾ ਆਟਾ ਗੋਜੀ (ਕਣਕ ਤੇ ਜੌਂ ਰਲਾ ਕੇ) ਸਿਆਲ ਨੂੰ ਮੱਡਲ, ਜਵਾਰ ਤੇ ਬਾਜਰੇ ਦਾ ਆਟਾ ਵੀ ਲੋਕ ਖੁਸ਼ ਹੋ ਕੇ ਖਾਂਦੇ ਸੀ। ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਤਾਂ ਪਿੰਡ ਵਾਲਿਆਂ ਦੀ ਮਨਭਾਉਂਦੀ ਖੁਰਾਕ ਹੁੰਦੀ ਸੀ।

ਜੇ ਕਿਸੇ ਦਾ ਵੇਲਣਾ ਚਲਦਾ ਹੋਵੇ ਗੁੜ ਕਾਹੜ ਰਿਹਾ ਹੋਵੇ ਤਾਂ ਕੋਲ ਦੀ ਲੰਘਣ ਵਾਲੇ ਨਾਲੇ ਰੌਹ ਪੀਂਦੇ ਨਾਲੇ ਗੁੜ ਖਾ ਕੇ ਜਾਂਦੇ। ਕੋਈ ਨਹੀਂ ਸੀ ਮੱਥੇ ਵੱਟ ਪਾਉਂਦਾ ਸਗੋਂ ਜਾਣ ਵਾਲੇ ਨੂੰ ਆਪ ਆਖਦੇ ਕਿਉਂ ਭਈ ਚੁੱਪ ਕਰਕੇ ਲੰਘ ਚਲਿਆ ਏਂ ਕੋਈ ਗੁੜ ਗੜ ਖਾ ਲੈ ਤੱਤਾ, ਜਾਂ ਰੌਹ ਪੀ ਲੈ। ਕਦੀ ਕਿਸੇ ਦੇ ਦਿਲ ਵਿਚ ਨਹੀਂ ਸੀ ਆਉਂਦਾ ਕਿ ਕਿਉਂ ਖਾ, ਪੀ ਗਿਆ ਏ। ਵੇਲਣੇ ਦੇ ਕੋਲ ਈ ਗਲਾਸ ਪਿਆ ਹੁੰਦਾ ਸੀ ਉਹ ਕੜੇ ਵਾਲਾ ਤਿੰਨਾ ਪਾ ਦਾ।

ਸ਼ਾਮ ਨੂੰ ਕੋਈ ਘਰ ਐਸਾ ਨਹੀਂ ਸੀ ਹੁੰਦਾ ਜਿਹੜਾ ਭੱਠੀ ਤੇ ਦਾਣੇ ਨਾ ਭੁੰਨਾਵੇ। ਬੱਚੇ, ਜ਼ਨਾਨੀਆਂ ਮਰਦ ਸਭ ਸ਼ਾਮ ਨੂੰ ਮੱਕੀ ਜਾਂ ਛੋਲਿਆਂ ਦੇ ਦਾਣੇ ਚਬਦੇ ਸੀ ਨਾਲ ਗੁੜ, ਗੰਨੇ ਚੂਪਣਾਂ ਤੇ ਸਭ ਦੀ ਆਦਤ ਈ ਬਣ ਚੁੱਕੀ ਸੀ ਸਿਆਲ ਨੂੰ ਧੁੱਪੇ ਬੈਠੇ ਜਾਂ ਧੂੰਆਂ ਸੇਕਦੇ ਛਿਲੜਾਂ ਦਾ ਢੇਰ ਈ ਲਾ ਦੇਂਦੇ ਸੀ।

ਗਰਮੀਆਂ ਵਿਚ ਦੁਪਿਹਰੇ ਚੜ੍ਹਦੇ ਪਾਸੇ ਵਾਲੇ ਸਾਰੇ ਆਦਮੀ ਆਪੋ-ਆਪਣੀਆਂ ਮੰਜੀਆਂ ਚੁਕ ਬਰਨਿਆਂ ਦੀ ਸੰਘਣੀ ਛਾਂ ਹੇਠ ਆ ਡੇਰੇ ਲਾਉਂਦੇ। ਫਿਰ ਕੋਈ ਦੁਪਹਿਰਾ ਕੱਟਣ ਲਈ ਤਾਸ਼ ਖੇਡਦਾ, ਕੋਈ ਪਾਸ਼ਾ ਤੇ ਕੋਈ ਗੱਪਾਂ ਮਾਰਨ ਵਿਚ ਮਘਨ ਰਹਿੰਦਾ। ਬੁਢਿਆਂ ਦੀਆਂ ਗੱਪਾਂ ਸੁਨਣ ਦਾ ਤੇ ਮਜ਼ਾ ਈ ਆ ਜਾਂਦਾ ਸੀ। ਹਾਸੇ ਮਖੌਲ ਦੀਆਂ ਗੱਪਾਂ ਮਾਰਦੇ, ਮੁੰਡਿਆਂ ਨੂੰ ਹਾਸੇ ਨਾਲ ਗਾਲ੍ਹਾਂ ਵੀ ਕਢਦੇ। ਕੋਈ ਕਿਸੇ ਦੀਆਂ ਗਾਲ੍ਹਾਂ ਜਾਂ ਗੱਲਾਂ ਦਾ ਗੁੱਸਾ ਨਹੀਂ ਸੀ ਕਰਦਾ। ਬਹੁਤ ਮਖੌਲ ਹੁੰਦੇ ਤੇ ਦੁਪਹਿਰਾ ਇਸ ਤਰ੍ਹਾਂ ਈ ਰੌਣਕ ਮੇਲੇ ਵਿਚ ਨਿਕਲ ਜਾਂਦਾ। ਚਾਰ ਕੁ ਵਜੇ ਆਪੋ-ਆਪਣੀਆਂ ਮੰਜੀਆਂ ਚੁਕਦੇ ਤੇ ਕੰਮਾਂ ਨੂੰ ਚਲੇ ਜਾਂਦੇ। ਇਹ ਗਰਮੀਆਂ ਵਿਚ ਰੋਜ਼ ਦਾ ਕੰਮ ਸੀ। ਬੜੀ ਰੌਣਕ ਰਹਿੰਦੀ ਸੀ।

## ਖੇਡਾਂ ਤੇ ਕਸਰਤ

ਸਾਰਾ ਦਿਨ ਆਪੋ ਅਪਨੇ ਕੰਮਾਂ ਵਿਚ ਲੱਗੇ ਰਹਿੰਦੇ ਤੇ ਤਿਕਾਲਾਂ ਨੂੰ ਗੱਭਰੂ ਮੁੰਡੇ ਨਿਆਈਆਂ ਵਿਚ ਕਿਸੇ ਵਾਹਣ ਵਿਚ ਇਕਠੇ ਹੋ ਜਾਂਦੇ, ਕੋਈ ਕੌਡੀ ਖੇਡਣ ਵਾਸਤੇ ਢੇਰੀਆਂ ਬੰਨ ਲੈਂਦੇ ਕੋਈ ਛਾਲਾਂ ਮਾਰਨ ਲਈ ਪੜੁਲ ਬਣਾ ਕੇ ਛਾਲਾਂ ਮਾਰਦੇ। ਕੋਈ ਕੁਸ਼ਤੀ ਕਰਨ ਲੱਗ ਪੈਂਦੇ। ਸਿਆਣੇ ਆਦਮੀ ਵੀ ਸ਼ੌਕ ਨਾਲ ਮੁੰਡਿਆਂ ਦਾ ਜ਼ੋਰ ਕਰਾਉਣ ਆ ਜਾਂਦੇ ਤੇ ਉਹ ਅਖਾੜੇ ਦੇ ਬਾਹਰ ਵੇਖਦੇ ਤੇ ਸ਼ਾਬਾਸ਼ ਆਦਿ ਆਖ ਕੇ ਮੁੰਡਿਆਂ ਦਾ ਦਿਲ ਵਧਾਉਂਦੇ। ਕੋਈ ਸੁਹਾਗਾ ਚੁਕਣ ਲਈ ਦੋ ਦੋ ਸੁਹਾਗੇ ਬੰਨ ਕੇ, ਬਾਲਾ ਕਢਦੇ। ਪਿੰਡ ਵਿਚ ਡਾਰੂ ਕਾਹਲਵਾਂ ਦਾ ਬੋਰੀ ਵੀ ਚੁਕਦਾ ਸੀ ਤੇ ਬਾਂਹੀ ਸੁਹਾਗੇ ਦਾ ਬਾਲਾ ਵੀ ਸਾਰਿਆਂ ਨਾਲੋਂ ਜ਼ਿਆਦਾ ਕਢ ਲੈਂਦਾ ਸੀ। ਮੈਂ ਵੀ ਮੁਕਾਬਲੇ ਦਾ ਚੁਕ ਲੈਂਦਾ ਸੀ ਪਰ ਆਪਣੇ ਬਾਰੇ ਆਪ ਲਿਖਣਾ ਠੀਕ ਨਹੀਂ।

ਹਨੇਰਾ ਹੋਣ ਤੇ ਖੇਡਾਂ ਖਤਮ ਕਰਕੇ ਘਰਾਂ ਤੋਂ ਨਹਾ ਧੋ ਕੇ ਅੰਨ-ਪਾਣੀ ਛੱਕ ਕੇ ਮੁੰਡਿਆਂ ਦੀ ਵਾਰੀ ਫੇਰ ਗੁਰਦਵਾਰੇ ਦੇ ਏਰੀਏ ਵਿਚ ਆ ਜਾਂਦੀ। ਸਿਆਲ ਨੂੰ ਕੁਝ ਭੱਠੀ ਤੇ ਬਹਿ ਕੇ ਗੱਪਾਂ ਮਾਰਦੇ ਤੇ ਕੋਈ ਮੀਟੀ ਖੇਡਨ ਚੜ੍ਹ ਪੈਂਦੇ ਮਣ ਵਾਲੇ ਖੂਹ ਤੇ ਬਹਿ ਕੇ ਕਿੰਨੀ ਰਾਤ ਲੰਘਾ ਦੇਂਦੇ। ਕਦੀ ਕਦੀ ਖਿੱਦੋ-ਖੂੰਡੀ ਦਾ ਮੁਕਾਬਲਾ ਵੀ ਸ਼ਾਮ ਦੇ ਵੇਲੇ ਹੋ ਜਾਂਦਾ। ਪਿੰਡ ਦੇ ਅੱਧੇ ਮੁੰਡੇ ਡੰਡੇ ਖੂੰਡੀਆਂ ਫੜਕੇ ਇਕ ਪਾਸੇ ਨੂੰ ਤੇ ਅੱਧੇ ਦੂਜੇ ਪਾਸੇ ਨੂੰ ਖਿੱਦੋ ਲਿਜਾਣ ਦਾ ਜ਼ੋਰ ਲਗਾਉਂਦੇ ਫੇਰ ਕੀ ਸੀ ਧੂੜਾਂ ਈ ਉਡਦੀਆਂ ਵਿਖਾਈ ਦੇਂਦੀਆਂ ਸਨ। ਕਦੇ ਕਿਸੇ ਦੇ ਗਿਟੇ ਵੀ ਭੱਜ ਜਾਂਦੇ। ਇਹ ਮੁਕਾਬਲਾ ਪਿੰਡੋਂ ਲਹਿੰਦੇ ਪਾਸੇ ਸੜਕ ਤੇ ਹੁੰਦਾ ਸੀ ਇਕ ਟੀਮ ਸਰਾਜ ਵਲ ਖਿੱਦੋ ਲਿਜਾਂਦੀ ਸੀ, ਦੂਜੀ ਮੀਰਕਪੁਰ ਵੱਲ। ਬਹੁਤ ਸ਼ੁਗਲ ਹੁੰਦਾ ਸੀ, ਸ਼ੋਰ ਵੀ ਬਹੁਤ ਤੇ ਜਦੋਂ ਤਕ ਹਨੇਰੇ ਵਿਚ ਖਿੱਦੋ ਗਵਾਚ ਨਹੀਂ ਸੀ ਜਾਂਦਾ ਖੇਡ ਚਲਦੀ ਰਹਿੰਦੀ ਸੀ।



Sri Satguru Jagjit Singh Ji eLibrary NamdhariElibrary@gmail.com

## ਕੁੜੀਆਂ ਦੇ ਸਾਂਵੇ ਤੇ ਭੋਰੇ

ਨੱਚਣ-ਕੁਦਣ ਮਨ ਕਾ ਚਾਓ । ਸੌਣ ਦੇ ਮਹੀਨੇ ਵਿਚ ਕੁੜੀਆਂ ਇਕੱਠੀਆਂ ਹੋ ਕੇ ਸਾਂਵੇਂ ਖੇਡਦੀਆਂ ਸਨ । ਐਤਵਾਰ ਨੂੰ ਸਾਂਵਾਂ ਮਨਾਇਆ ਜਾਂਦਾ ਸੀ । ਨਵੀਆਂ ਵਿਆਹੀਆਂ ਕੁੜੀਆਂ ਵੀ ਸਾਉਣ ਮਹੀਨੇ ਪੇਕੇ ਆ ਜਾਂਦੀਆਂ ਸਨ ਤੇ ਸਾਰੀਆਂ ਰਲਕੇ ਇਕ ਥਾਂ ਤੇ ਗਿੱਧਾ ਪਾਉਂਦੀਆਂ, ਗੀਤ ਗਾਉਂਦੀਆਂ ਤੇ ਕਿੱਕਲੀ ਪਾਉਂਦੀਆਂ । ਪਿੰਡ ਵਿਚ ਕੋਈ ਖਾਸ ਥਾਂ ਤੇ ਨਹੀਂ ਸੀ ਪਰ ਆਮ ਤੌਰ ਤੇ ਕੋਠਿਆਂ ਵਾਲੇ ਖੂਹ ਕੋਲ ਇਕ ਛਪੜੀ ਸੀ ਉਹਦੇ ਕੰਢੇ ਤੇ ਇਕੱਠੀਆਂ ਹੋ ਕੇ ਹਸਦੀਆਂ ਖੇਡਦੀਆਂ ਤੇ ਘਰਾਂ ਤੋਂ ਪੂੜੇ, ਪਰੌਂਠੇ ਜਿਹੜੇ ਨਾਲ ਬੰਨ੍ਹਕੇ ਲਿਆਂਦੇ ਹੁੰਦੇ ਸੀ ਖਾ ਪੀ ਕੇ ਤਿਕਾਲਾਂ ਨੂੰ ਘਰੀਂ ਆ ਜਾਂਦੀਆਂ । ਇਹਨਾਂ ਦੇ ਨਾਲ ਛੋਟੇ ਛੋਟੇ ਬੱਚੇ ਵੀ ਚਲੇ ਜਾਂਦੇ । ਸਾਉਣ ਦਾ ਪੂਰਾ ਮਹੀਨਾ ਪੀਂਘਾਂ ਪਾ ਕੇ ਕੁੜੀਆਂ ਬੜੇ ਸ਼ੌਕ ਨਾਲ ਝੂਟਦੀਆਂ । ਇਕ ਪੀਂਘ ਤਾਂ ਤਰਖਾਨਾਂ ਦੀ ਹਵੇਲੀ ਵਿਚ ਕਿੱਕਰ ਨਾਲ ਪਈ ਹੁੰਦੀ ਉਥੇ ਕਰੀਬ ਨੇੜੇ ਵਾਲੀਆਂ ਕੁੜੀਆਂ, ਗੁਰੋ, ਪਾਸ਼ੋ, ਪੂਰੋ, ਭਾਈਆਂ ਦੀ ਤੇ ਪਿਆਰੀ, ਰੱਖੀ ਸ਼ੇਰੇ ਲੁਹਾਰ ਦੀ ਕੁੜੀ, ਜੀਤੋ, ਅੰਬੋ, ਗੁਰਵੰਤ, ਪਿਆਰੋ ਤੇ ਛੋਟੇ ਮੁੰਡੇ, ਕਈ ਜ਼ਨਾਨੀਆਂ ਵੀ ਪੀਂਘਾਂ ਝੂਟਦੀਆਂ ਸਨ ।

ਕਾਹਲਵਾਂ ਨੇ ਆਪਣੇ ਕਿੱਕਰ ਨਾਲ ਕੁੜੀਆਂ ਮੁੰਡਿਆਂ ਦੇ ਤੇ ਜ਼ਨਾਨੀਆਂ ਦੇ ਝੂਟਣ ਨੂੰ ਪੀਂਘ ਪਾਈ ਹੁੰਦੀ ਸੀ ਤੇ ਉਥੇ ਦੀਪਾ, ਜੀਤਾ, ਗੇਪਾ, ਅੰਬੋ, ਸ਼ਿੰਦੋ, ਪਿਆਰੋ, ਅਮਰ ਕੌਰ ਸਾਰੇ ਝੂਟੇ ਲੈਂਦੇ ਸਨ । ਕਈ ਵਾਰੀ ਉਹਨਾਂ ਦੀ ਭਣੇਵੀਂ ਸਵਰਨੀ ਵੀ ਆਣ ਪਹੁੰਚਦੀ ਸੀ ਸ ਉਣ ਵਿਚ । ਪਿੰਡ ਦੇ ਦੂਜੇ ਪਾਸੇ ਵੀ ਪੀਂਘਾਂ ਪਈਆਂ ਹੁੰਦੀਆਂ ਤੇ ਸਾਉਣ ਦਾ ਮਹੀਨਾ ਸਾਰੇ ਹੱਸਦਿਆਂ ਖੇਡਦਿਆਂ ਗੁਜ਼ਾਰਦੇ । ਸਾਉਣ ਦੇ ਮਹੀਨੇ ਨੂੰ ਤੀਆਂ ਦਾ ਮਹੀਨਾ ਵੀ ਆਖਦੇ ਸੀ । ਇਕ ਗੱਲ ਹੋਰ ਸਾਉਣ ਵਿਚ ਦੁੱਧ ਦੀ ਖੀਰ ਤੇ ਪੂੜੇ ਤਾਂ ਹਰ ਕੋਈ ਬੱਚਾ, ਬੁਢਾ, ਜਵਾਨ ਖੁਸ਼ ਹੋ ਕੇ ਖਾਂਦਾ ਸੀ । ਜ਼ਨਾਨੀਆਂ ਕਹਿੰਦੀਆਂ :

ਸਾਉਣ ਖੀਰ ਨਾ ਖਾਧੀਆ,<br>
ਤਾਂ ਕਿਉਂ ਜੰਮਿਆ ਅਪਰਾਧੀਆ ।

ਸਿਆਲ ਵਿਚ ਕੁੜੀਆਂ, ਜ਼ਨਾਨੀਆਂ ਰਲਕੇ ਭੋਰਾ ਕੱਤਦੀਆਂ । ਇਕ ਘਰ ਵਿਚ ਚਰਖੇ ਲਿਜਾ ਕੇ ਛੋਪੇ ਪਾਕੇ ਮੁਕਾਬਲੇ ਦੇ ਤੌਰ ਤੇ ਸੂਤ ਕੱਤਦੀਆਂ, ਨਾਲੇ ਗਾਉਂਦੀਆਂ ਨਾਲੇ ਕੱਤਦੀਆਂ । ਪਿਛੋਂ ਘਰ ਵਾਲੇ ਰੋਟੀ ਲੱਸੀ ਆਦਿ ਉਥੇ ਈ ਪਹੁੰਚਾਉਂਦੇ । ਬਿਜਲੀ ਤਾਂ ਉਹਨਾਂ ਦਿਨਾਂ ਵਿਚ ਹੁੰਦੀ ਨਹੀਂ ਸੀ, ਸਾਰੇ ਕੰਮ ਦੀਵੇ ਦੀ ਲੋਅ ਵਿਚ ਹੁੰਦੇ । ਅੱਠ ਪਹਿਰ ਕੱਤਕੇ ਫੇਰ ਘਰਾਂ ਨੂੰ ਚਰਖੇ ਲੈ ਕੇ ਜਾਂਦੀਆਂ ।

ਸਾਰਾ ਪਿੰਡ ਜ਼ਿਮੀਦਾਰੇ ਕੰਮ ਨਾਲ ਈ ਜੁੜਿਆ ਹੋਇਆ ਸੀ, ਕਿਉਂਕਿ ਸਾਰੇ ਪਿੰਡ ਦਾ ਨਿਰਬਾਹ ਖੇਤੀ-ਬਾੜੀ ਤੇ ਸੀ । ਭਾਵੇਂ ਕਿਸੇ ਦਾ ਕੋਈ ਕਿੱਤਾ ਵੀ ਹੋਵੇ । ਜਿਸ ਤਰ੍ਹਾਂ ਲੋਹਾਰ, ਤਰਖਾਣ, ਧੋਬੀ, ਨਾਈ, ਜੁਲਾਹੇ ਸਭ ਆਦਮੀ ਜ਼ਨਾਨੀਆਂ ਜ਼ਿਮੀਦਾਰੇ ਨਾਲ ਈ ਜੁੜੇ ਹੋਏ ਸਨ । ਇਕ ਗੱਲ ਜ਼ਰੂਰ ਏ ਕਿ ਕੰਮ ਮਿਲ-ਜੁਲਕੇ ਈ ਹੁੰਦਾ ਸੀ ਜਿਸ ਨੂੰ ਕਹਿੰਦੇ ਨੇ 'ਟੀਮ ਵਰਕ' । ਕਣਕ ਦੀ ਵਾਢੀ ਕਰਨੀ ਤਾਂ ਰਲਕੇ ਮਾਂਗੀ ਪਾ ਕੇ, ਗਹਾਈ ਕਰਨੀ ਤਾਂ ਬੰਦਿਆਂ ਦੀ ਲੋੜ, ਕਮਾਦ ਬੀਜਣਾ ਜਾਂ ਬੀ ਟੁਕਣਾ ਤਾਂ ਇਕੱਠਿਆਂ ਹੋ ਕੇ । ਕਪਾਹ ਚੁਗਣੀ ਤਾਂ ਜ਼ਨਾਨੀਆਂ ਨੇ ਰਲਕੇ । ਮਜ਼ਦੂਰੀ ਤਾਂ ਸਾਰੇ ਦੇਂਦੇ ਸੀ ਤੇ ਲੈਂਦੇ ਵੀ ਸੀ, ਪਰ ਪੈਸਿਆਂ ਦੀ ਥਾਂ ਤਾਂ ਜਿਨਸ ਵਿਚ ਹੁੰਦੀ ਸੀ ।

ਜ਼ਿਮੀਦਾਰਾਂ ਦੇ ਸਹਾਇਕ ਲੋਕ (ਕੰਮੀ) ਵੀ ਲਵੇਰਾ ਰੱਖਦੇ ਸਨ । ਭਾਵੇਂ ਉਹਨਾਂ ਦੀ ਜ਼ਮੀਨ ਨਹੀਂ ਸੀ, ਫੇਰ ਵੀ ਰੱਜਕੇ ਖਾਂਦੇ । ਪਸ਼ੂਆਂ ਵਾਸਤੇ ਜ਼ਿਮੀਦਾਰਾਂ ਕੋਲੋਂ ਕੰਮ-ਕਾਜ ਕਰਨ ਪਿਛੋਂ ਪੱਠੇ ਲੈ ਜਾਂਦੇ ।

## ਦਿਨ-ਦਿਹਾਰ ਤੇ ਮੇਲੇ

ਪਿੰਡ ਵਿਚ ਮੁਸਲਮਾਨਾਂ ਦੀ ਇਕ ਮਸੀਤ ਤੇ ਸਿੱਖਾਂ ਦਾ ਇਕ ਗੁਰਦਵਾਰਾ ਸੀ । ਬਾਕੀ ਖੱਤਰੀ, ਬ੍ਰਾਹਮਣਾਂ ਦਾ ਪਿੰਡ ਵਿਚ ਕੋਈ ਘਰ ਨਹੀਂ ਸੀ । ਮੰਦਰ ਵੀ ਕੋਈ ਨਹੀਂ ਸੀ । ਉਹਨਾਂ ਦਿਨਾਂ ਵਿਚ ਪਿੰਡਾਂ ਵਿਚ ਮੰਦਰ ਕਿਤੇ ਨਹੀਂ ਸੀ ਸੁਣਿਆ । ਸ਼ਾਇਦ ਕਿਤੇ ਕਸਬੇ ਜਾਂ ਵੱਡੇ ਪਿੰਡ ਵਿਚ ਹੋਵੇ । ਗੁਰਦਵਾਰੇ ਨੂੰ ਹੀ ਮੰਨਦੇ ਸੀ ਤੇ ਮੁਸਲਮਾਨ ਮਸੀਤ ਨੂੰ । ਪਿੰਡ ਕਾਫੀ ਵੱਡਾ ਸੀ—ਕੋਈ ਅੰਦਾਜ਼ਨ ਸਿੱਖਾਂ ਦਾ ਸੌ ਘਰ ਹੋਵੇਗਾ, ਮੁਸਲਮਾਨਾਂ ਦੇ ਅੱਸੀਆਂ ਦੇ ਕਰੀਬ ਅਤੇ ਈਸਾਈਆਂ ਦੇ ਚਾਲੀ ਕੁ । ਇਹ ਮੇਰਾ ਆਪਣਾ ਅੰਦਾਜ਼ਾ ਏ ਘਟ ਵਧ ਹੋ ਸਕਦੇ ਨੇ ।

ਗੁਰਦਵਾਰੇ ਵਿਚ ਸੰਗਰਾਂਦ ਤੇ ਮੱਸਿਆ ਦਾ ਦਿਨ ਮਨਾਇਆ ਜਾਂਦਾ ਸੀ, ਬਾਕੀ ਜਿੰਨੇ ਗੁਰਪੁਰਬ ਹੁੰਦੇ ਸਨ । ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਅਤੇ ਵਿਸਾਖੀ ਪ੍ਰਮੁਖ ਸਨ । ਗੁਰਦਵਾਰੇ ਭਾਈ ਮੂਲਾ ਸਿੰਘ ਸੀ ਜਿਸ ਦੀ ਖੱਬੀ ਬਾਂਹ ਟੁੰਡੀ ਸੀ, ਪਰ ਸੇਵਾ ਸੰਭਾਲ ਦਾ ਕੰਮ ਲਗਨ ਨਾਲ ਕਰਦਾ ਸੀ ।

(ਚਲਦਾ)


Sri Satguru Jagjit Singh Ji eLibrary NamdhariElibrary@gmail.com

## ਸਿੰਘ ਬੰਧੂ—ਪਵਾਰ ਬੰਧੂ ਭੈਣੀ ਸਾਹਿਬ ਵਿਚ

ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਸੰਗੀਤ ਗੰਗਾ ਦਾ ਪਰਵਾਹ ਚਲਦਾ ਰਹਿੰਦਾ ਹੈ ਅਤੇ ਇਸ ਸੰਗੀਤ ਪਰਵਾਹ ਵਿਚ ਭਾਰਤ ਦੇ ਪ੍ਰਸਿਧ ਕਲਾਕਾਰ ਭਾਗ ਲੈਂਦੇ ਹੀ ਰਹਿੰਦੇ ਹਨ। ੧੫-੧੬ ਅਪਰੈਲ ਨੂੰ ਸ਼ਾਸ਼ਤਰੀ ਸੰਗੀਤ ਦੇ ਪ੍ਰਸਿਧ ਗਾਇਕ ਸਿੰਘ ਬੰਧੂ ਸ. ਤੇਜਪਾਲ ਸਿੰਘ ਸ. ਸੁਰਿੰਦਰ ਸਿੰਘ ਜੀ ਭੈਣੀ ਸਾਹਿਬ ਪਧਾਰੇ। ਕਲਾਕਾਰਾਂ ਦਾ ਸ੍ਰੀ ਭੈਣੀ ਸਾਹਿਬ ਵਿਚ ਉਚੇਚਾ ਸੁਆਗਤ ਕੀਤਾ ਗਿਆ। ਭੈਣੀ ਸਾਹਿਬ ਦੀਆਂ ਇਤਿਹਾਸਕ ਥਾਵਾਂ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਅਤੇ ਰਾਈਆਂ ਕੋਲ ਫਲਾਂ ਦਾ ਬਾਗ ਦੇਖ ਕੇ ਕਲਾਕਾਰ ਬਹੁਤ ਪ੍ਰਭਾਵਤ ਹੋਏ। ੧੫ ਅਪ੍ਰੈਲ ਸ਼ਾਮ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਈ ਵਿਸ਼ੇਸ਼ ਸੰਗੀਤ ਸਭਾ ਵਿਚ ਸਿੰਘ ਬੰਧੂਆਂ ਨੇ ਆਪਣਾ ਗਾਣਾ ਪੇਸ਼ ਕੀਤਾ। ਆਪ ਨੇ ਪਹਿਲਾਂ ਪੂਰੀਆ ਕਲਿਆਨ ਰਾਗ ਅਤੇ ਬਾਅਦ ਵਿਚ ਕਲਾਵਤੀ ਰਾਗ ਵਿਚ ਖਿਆਲ ਗਾਇਣ ਪ੍ਰਸਤੁਤ ਕੀਤਾ। ਦੋਹਾਂ ਕਲਾਕਾਰ ਭਰਾਵਾਂ ਦੇ ਕੋਮਲ ਅਤੇ ਮਿਠੇ ਗਾਇਣ ਵਿਚੋਂ ਇਹਨਾਂ ਦੇ ਸੰਗੀਤ ਗੁਰੂ, ਉਸਤਾਦ ਅਮੀਰ ਖਾਂ ਸਾਹਿਬ ਦੀ ਟਿਕਾਅ ਅਤੇ ਸਪਸ਼ਟਤਾ ਵਾਲੀ ਗਾਇਣ ਸ਼ੈਲੀ ਪ੍ਰਤੱਖ ਦਿਸਦੀ ਸੀ। ਆਲਾਪ ਵਿਚ ਸੁਰ ਵਿਸਥਾਰ ਮਧੁਰ ਸੀ, ਤਾਨਾਂ ਵਿਚ ਸੁਰ ਸਾਧਨਾਂ ਦਾ ਪਰਮਾਣ ਮਿਲ ਰਿਹਾ ਸੀ ਅਤੇ ਦੋਹਾਂ ਕਲਾਕਾਰਾਂ ਦੀ ਆਪਸੀ ਮਿਲਤ ਕਮਾਲ ਦੀ ਸੀ। ਤਬਲੇ ਤੇ ਸੰਗਤ ਜਲੰਧਰ ਦੇ ਉਭਰਦੇ ਕਲਾਕਾਰ ਸ. ਸੁਖਦੇਵ ਸਿੰਘ ਨੇ ਕੀਤੀ। ਸੁਖਦੇਵ ਸਿੰਘ ਦੀ ਤਬਲਾ ਸੰਗਤ ਵਿਚ ਇਹਨਾਂ ਦੇ ਉਸਤਾਦ ਪੰਡਿਤ ਕਿਸ਼ਨ ਮਹਾਰਾਜ ਜੀ ਦੀ ਵਾਦਨ ਕਲਾ ਦੀ ਝਲਕ ਪ੍ਰਤੱਖ ਦਿਸ ਰਹੀ ਸੀ।

ਸਿੰਘ ਬੰਧੂਆਂ ਦੇ ਗਾਇਣ ਬਾਦ ਸਿਤਾਰ ਦਾ ਪ੍ਰੋਗਰਾਮ ਹੋਇਆ। ਕਲਾਕਾਰ ਸਨ ਪਟਿਆਲੇ ਤੋਂ ਆਏ ਪ੍ਰਸਿਧ ਸਿਤਾਰ ਵਾਦਕ ਸ੍ਰੀ ਨਰਿੰਦਰ ਨਰੂਲਾ ਜੀ। ਨਰੂਲਾ ਸਾਹਿਬ ਉਸਤਾਦ ਵਲਾਇਤ ਖਾਂ ਸਾਹਿਬ ਦੇ ਸ਼ਾਗਿਰਦ ਹਨ ਅਤੇ ਬਹੁਤ ਜਾਨਦਾਰ ਸਿਤਾਰ ਵਜਾਉਂਦੇ ਹਨ। ਪੀਲੂ ਕੌਂਸ, ਖਮਾਜ ਅਤੇ ਭੈਰਵੀ ਜਿਹੇ ਰਾਗਾਂ ਨੂੰ ਬਹੁਤ ਨਿਪੁੰਨਤਾ ਨਾਲ ਵਜਾਇਆ ਅਤੇ ਨਿਰਧਾਰਤ ਸਮੇਂ ਤੇ ਅਪਣਾ ਪ੍ਰੋਗਰਾਮ ਸਮਾਪਤ ਕੀਤਾ। ਤਬਲਾ ਗੁਰਪ੍ਰੀਤ ਸਿੰਘ ਸੋਨ ਨੇ ਬਹੁਤ ਕੁਸ਼ਲਤਾ ਨਾਲ ਵਜਾਇਆ। ਇਸ ਸਭਾ ਵਿਚ ਨਾਮਧਾਰੀ ਸੰਗੀਤ ਵਿਦਿਆਰਥੀਆਂ ਨੇ ਵੀ ਕੁਝ ਬੰਦਸ਼ਾਂ ਪੇਸ਼ ਕੀਤੀਆਂ ਅੰਤ ਉਤੇ ਅਮਰ ਸਿੰਘ ਅੰਬਾ ਦਾ ਸ਼ਾਸਤਰੀ ਨ੍ਰਿਤ ਹੋਇਆ।

੧੬ ਅਪਰੈਲ ਦੀ ਸ਼ਾਮ ਨੂੰ ਨਾਮਧਾਰੀ ਕਲਾ ਕੇਂਦਰ ਦੇ ਵਿਦਿਆਰਥੀ ਬੱਚੇ ਬੱਚੀਆਂ ਦਾ ਪ੍ਰੋਗਰਾਮ ਸਿੰਘ ਬੰਧੂਆਂ ਸਨਮੁਖ ਪੇਸ਼ ਕੀਤਾ ਗਿਆ। ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕਰਕੇ ਅਪਣੇ ਅਪਾਰ ਸੰਗੀਤ ਕੋਸ਼ ਵਿਚੋਂ ਬੇ-ਸ਼ੁਮਾਰ ਪੁਰਾਤਨ ਬੰਦਸ਼ਾਂ ਵੱਖ ਵੱਖ ਰਾਗਾਂ ਤਾਲਾਂ ਵਿਚ ਸੁਣਾਈਆਂ। ਕਲਾਕਾਰ ਬੱਚੇ ਝੱਟ ਉਹ ਬੰਦਸ਼ਾਂ ਪਕੜ ਲੈਂਦੇ ਅਤੇ ਬਹੁਤ ਨਪੁੰਨਤਾ ਨਾਲ ਗਾਉਂਦੇ। ਇਹਨਾਂ ਵਿਚ ਇਕਲੇ ਮਲ੍ਹਾਰ ਦੇ ਹੀ ਤੀਹ ਪ੍ਰਕਾਰ ਦੇ ਰੂਪ ਪੇਸ਼ ਕੀਤੇ ਗਏ। ਸਿੰਘ ਬੰਧੂ ਜਿਥੇ ਸਤਿਗੁਰੂ ਜੀ ਦੇ ਸੰਗੀਤ ਗਿਆਨ ਤੇ ਹੈਰਾਨ ਹੋ ਰਹੇ ਸਨ ਉਥੇ ਇਹਨਾਂ ਵਿਦਿਆਰਥੀਆਂ ਦੀ ਕਿਸਮਤ ਤੇ ਵੀ ਪ੍ਰਸੰਨ ਹੋ ਰਹੇ ਸਨ ਜਿਨ੍ਹਾਂ ਨੂੰ ਇਹ ਅਨਮੋਲ ਖ਼ਜ਼ਾਨਾ ਸਹਿਜੇ ਹੀ ਪ੍ਰਾਪਤ ਹੋ ਰਿਹਾ ਸੀ। ਅਪਣੀ ਯਾਤਰਾ ਨੂੰ ਅਤਿਅੰਤ ਸਫਲੀ ਦਸਦੇ ਹੋਏ ਉਹ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਵੀ ਕਰ ਰਹੇ ਸਨ।

੧੮, ੧੯, ੨੦ ਅਪਰੈਲ ਨੂੰ ਧਰੂਪਦ ਗਾਇਣ ਕਲਾ ਦੇ ਸਰੇਸ਼ਟ ਕਲਾਕਾਰ ਪਵਾਰ ਬੰਧੂ ਇੰਦੌਰ ਵਾਲੇ ਆਏ। ਸਤਿਗੁਰੂ ਜੀ ਤਾਂ ਧਰੁਪਦ ਧਮਾਰ ਗਾਇਣ ਨੂੰ ਪਸੰਦ ਹੀ ਬਹੁਤ ਕਰਦੇ ਹਨ ਅਤੇ ਆਪ ਇਸ ਸ਼ੈਲੀ ਨੂੰ ਸੰਭਾਲਣ ਤੇ ਵਿਕਸਿਤ ਕਰਨ ਵਾਲੇ ਹਨ। ਪਵਾਰ ਬੰਧੂਆਂ ਵਿਚ ਸ੍ਰੀ ਸੁਖਦੇਓ ਅਤੇ ਕੈਲਾਸ਼ ਪਵਾਰ ਧਰੁਪਦ ਵਿਭੂਸ਼ਨ ਅਤੇ ਉਹਨਾਂ ਦਾ ਸਪੁਤਰ ਵਿਨੋਦ ਪਵਾਰ ਗਾਇਣ ਕਰਦੇ ਹਨ ਅਤੇ ਪਖਾਵਜਵਾਦਨ ਸ੍ਰੀ ਲਕਸ਼ਮੀ ਨਰਾਇਣ ਪਵਾਰ ਕਰਦੇ ਹਨ। ਇਹਨਾਂ ਇੰਦੌਰ ਵਿਚ ਧਰੁਪਦ ਕਲਾ ਕੇਂਦਰ ਵੀ ਖੋਲ੍ਹਿਆ ਹੋਇਆ ਹੈ। ਤਿੰਨ ਦਿਨ ਪ੍ਰਸਪਰ ਸੰਗੀਤ ਗੋਸ਼ਟੀ ਚਲਦੀ ਰਹੀ। ਧਰੁਪਦ ਗਾਇਣ ਵਿਚ ਪਵਾਰ ਭਰਾਵਾਂ ਨੇ ਆਪਣੀ ਕਲਾ ਸਤਿਗੁਰੂ ਜੀ ਦੇ ਸਨਮੁਖ ਰੱਖੀ ਅਤੇ ਨਾਮਧਾਰੀ ਬੱਚਿਆਂ ਨੇ ਸਤਿਗੁਰੂ ਜੀ ਦੁਆਰਾ ਸਿਖਾਈਆਂ ਬੰਦਸ਼ਾਂ ਪੇਸ਼ ਕੀਤੀਆਂ। ਸਤਿਗੁਰੂ ਜੀ ਨੇ ਆਪ ਵੀ ਅਨੇਕਾਂ ਬੰਦਸ਼ਾਂ ਸੁਣਾਈਆਂ। ਬਹੁਤ ਪ੍ਰਭਾਵਤ ਬਹੁਤ ਪ੍ਰਸੰਨ ਮੁਦਰਾ ਵਿਚ ਭੈਣੀ ਸਾਹਿਬ ਦੀ ਯਾਤਰਾ ਨੂੰ ਯਾਦਗਾਰੀ ਦੱਸਦੇ ਹੋਏ ਪਵਾਰ ਕਲਾਕਾਰ ਭਰਾ ਵਿਦਾ ਹੋਏ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਲੋਂ ਸਰਬ ਭਾਰਤੀ ਸ਼ਬਦ ਗਾਇਨ ਮੁਕਾਬਲੇ

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ੮ਵੇਂ ਸਥਾਪਨਾ ਦਿਵਸ ਦੇ ਸੰਬੰਧ ਵਿਚ ੧੫-੧੬-੧੭ ਅਪਰੈਲ ੧੯੯੫ ਨੂੰ ਵਖ ਵਖ ਸਮਾਗਮ ਹੋਏ। ੧੫ ਅਪਰੈਲ ਨੂੰ ਸਾਇੰਸ ਮੇਲਾ, ਪਤਰ ਪੜ੍ਹਣ ਦਾ ਮੁਕਾਬਲਾ ਅਤੇ ਮੌਕੇ ਤੇ ਚਿਤਰ ਬਨਾਉਣ ਦਾ ਮੁਕਾਬਲਾ ਹੋਇਆ ਅਤੇ ਅੰਤਮ ਦਿਨ ੧੭ ਤਾਰੀਖ ਨੂੰ ਸਾਲਾਨਾ ਰਿਪੋਰਟ ਪੜ੍ਹੀ ਗਈ ਅਤੇ ਇਨਾਮ ਤਕਸੀਮ ਕੀਤੇ ਗਏ।

੧੬ ਤਾਰੀਖ ਐਤਵਾਰ ਨੂੰ ਸਰਬ ਭਾਰਤੀ ਪਬਲਿਕ ਸਕੂਲਾਂ ਦੇ ਸ਼ਬਦ ਗਾਇਨ ਦੇ ਮੁਕਾਬਲੇ ਸਨ। ਇਸ ਵਿਚ ਛੋਟੇ ਵਿਦਿਆਰਥੀਆਂ ਦਾ ਭਾਗ ਪਹਿਲੀ ਤੋਂ ਛੇਵੀਂ ਸ਼੍ਰੇਣੀ ਤਕ ਸੀ ਅਤੇ ਵਡੇ ਵਿਦਿਆਰਥੀ ਸਤਵੀਂ ਤੋਂ ਬਾਹਰਵੀਂ ਤਕ ਸਨ। ਮੁਕਾਬਲਿਆਂ ਦੇ ਜੱਜ ਸਨ ਮਸ਼ਹੂਰ ਸੰਗੀਤਕਾਰ ਸ. ਤੇਜਪਾਲ ਸਿੰਘ (ਸਿੰਘ ਬੰਧੂ), ਸ੍ਰੀ ਵੀਰੇਂਦਰ ਜੀ (ਏ. ਪੀ. ਜੇ. ਕਾਲਜ ਜਲੰਧਰ) ਅਤੇ ਮਾਸਟਰ ਦਰਸ਼ਨ ਸਿੰਘ ਜੀ (ਸ਼ੁਧ ਗੁਰਬਾਣੀ ਉਚਾਰਨ ਦੇ ਵਿਸ਼ੇਸ਼ੱਗ) ਸਟੇਜ ਪ੍ਰਬੰਧਕ ਸ੍ਰੀ ਜਗਦੀਸ਼ ਸਿੰਘ ਵਰਿਆਮ ਨੇ ਮੌਕੇ ਉਤੇ ਸ਼ਬਦ ਗਾਇਨ ਮੁਕਾਬਲਿਆਂ ਦੀਆਂ ਸ਼ਰਤਾਂ ਪੜ੍ਹ ਕੇ ਸੁਣਾਈਆਂ—ਇਕ ਟੀਮ ਇਕ ਸ਼ਬਦ ਗਾਵੇਗੀ। ਜੂਨੀਅਰ ਟੀਮ 'ਚ ੮ ਤੋਂ ੧੦ ਪ੍ਰਤਿਯੋਗੀ ਅਤੇ ਸੀਨੀਅਰ ਟੀਮ ਵਿਚ ੬ ਤੋਂ ੮ ਪ੍ਰਤਿਯੋਗੀ ਭਾਗ ਲੈ ਸਕਣਗੇ। ਸਾਥ ਦੇ ਸਾਜ਼ ਖੁਦ ਵਜਾਉਣ ਵਾਲੇ ਕਲਾਕਾਰਾਂ ਨੂੰ ਵਿਸ਼ੇਸ਼ ਗੁਣ ਸਮਝਿਆ ਜਾਵੇਗਾ। ਟੀਮ ਸ੍ਰੀ ਆਦਿ ਗਰੰਥ ਸਾਹਿਬ ਵਿਚੋਂ ਕੋਈ ਇਕ ਸ਼ਬਦ ਪੜ੍ਹ ਸਕੇਗੀ। ਸ਼ਬਦ ਦੀ ਬੰਦਿਸ਼ ਨਿਰਧਾਰਤ ਰਾਗ ਵਿਚ ਹੋਣੀ ਚਾਹੀਦੀ ਹੈ। ਆਲਾਪ ਤਾਨ ਅਤੇ ਸੁਰ ਤਾਨ ਸ਼ਬਦ ਵਿਚ ਪ੍ਰਯੋਗ ਕਰਨ ਦੀ ਖੁਲ੍ਹ ਸੀ, ਪਰ ਤਰਾਨਾ ਵਿਵਰਜਤ ਸੀ। ਰਾਗ ਦੀ ਸ਼ੁਧਤਾ ਅਤੇ ਸ਼ਬਦ ਦੇ ਬੋਲਾਂ ਦੀ ਸ਼ੁਧਤਾ ਸਪੱਸ਼ਟਤਾ ਵਿਸ਼ੇਸ਼ ਗੁਣ ਵਜੋਂ ਸਵੀਕਾਰਿਆ ਜਾਣਾ ਸੀ।

ਮੁਕਾਬਲੇ ਦੋ ਭਾਗਾਂ ਵਿਚ ਹੋਏ। ਜੋ ਬਹੁਤ ਦਿਲਚਸਪੀ ਭਰਪੂਰ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦੂਸਰੇ ਅੱਧ ਵਿਚ ਦਰਸ਼ਨ ਦੇ ਕੇ ਸਮਾਂ ਹੋਰ ਵੀ ਸੁਹਾਵਣਾ ਕਰ ਦਿਤਾ। ਬਹੁਤ ਸਾਰੀਆਂ ਟੀਮਾਂ ਨੇ ਭਾਗ ਲਿਆ। ਬੱਚੇ ਕਮਾਲ ਦੀ ਤਿਆਰੀ ਕਰਕੇ ਆਏ ਸਨ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਵਿਦਿਆਰਥੀਆਂ ਦੀਆਂ ਟੋਲੀਆਂ ਨੇ ਬਹੁਤ ਅੱਛਾ ਕਲਾ ਪ੍ਰਦਰਸ਼ਨ ਕੀਤਾ, ਪਰ ਉਹ ਮੁਕਾਬਲੇ ਵਿਚ ਸ਼ਾਮਲ ਨਹੀਂ ਸਨ। ਬੀਬੀਆਂ ਦੀ ਸਾਰੀ ਟੀਮ ਵਲੋਂ ਦਿਲਰੁਬਾ ਅਤੇ ਸਿਤਾਰ ਆਦਿਕ ਤੰਤੀ ਸਾਜ਼ਾਂ ਨਾਲ ਕੀਰਤਨ ਤਾਂ ਇਕ ਅਦਭੁਤ ਨਜ਼ਾਰਾ ਸੀ।

ਮਾਨਯੋਗ ਜੱਜਾਂ ਦੇ ਸਰਬ ਸੰਮਤ ਫੈਸਲੇ ਨੂੰ ਸ. ਤੇਜਪਾਲ ਸਿੰਘ ਜੀ ਨੇ ਪੜ੍ਹ ਕੇ ਵੀ ਸੁਣਾਇਆ ਅਤੇ ਮੁਕਾਬਲੇ ਸੰਬੰਧੀ ਯੋਗ ਟਿਪਣੀਆਂ ਵੀ ਕੀਤੀਆਂ। ਫੈਸਲਾ ਇਸ ਪ੍ਰਕਾਰ ਸੀ :

### ਛੋਟੇ ਵਿਦਿਆਰਥੀਆਂ ਦੇ ਮੁਕਾਬਲੇ

ਪਹਿਲਾ ਸਥਾਨ—ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ, ਲੁਧਿਆਣਾ।

ਦੂਜਾ ਸਥਾਨ—ਮਿੰਟਗੁਮਰੀ ਗੁਰੂ ਨਾਨਕ ਪਬਲਿਕ ਸਕੂਲ, ਜਲੰਧਰ।

ਤੀਜਾ ਸਥਾਨ—ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਨਵੀਂ ਦਿੱਲੀ।

ਹੌਸਲਾ ਵਧਾਊ ਇਨਾਮ—ਢਿੱਲਵਾਂ ਇੰਟਰਨੈਸ਼ਨਲ ਪਬਲਿਕ ਸਕੂਲ, ਢਿੱਲਵਾਂ।

### ਵੱਡੇ ਵਿਦਿਆਰਥੀਆਂ ਦੇ ਮੁਕਾਬਲੇ

ਪਹਿਲਾ ਸਥਾਨ—ਮਿੰਟਗੁਮਰੀ ਗੁਰੂ ਨਾਨਕ ਪਬਲਿਕ ਸਕੂਲ, ਜਲੰਧਰ।

ਦੂਜਾ ਸਥਾਨ—ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਨਵੀਂ ਦਿੱਲੀ।

ਤੀਜਾ ਸਥਾਨ—ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ, ਲੁਧਿਆਣਾ।

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਪ੍ਰਿੰਸੀਪਲ ਸਰਦਾਰ ਜੀ. ਐਸ. ਪਾਲ ਨੇ ਸਿੰਘ ਬੰਧੂਆਂ ਅਤੇ ਮੁਖ ਮਹਿਮਾਨ ਸ. ਜੀ.ਐਸ. ਚੰਨੀ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਜੀ ਆਇਆਂ ਕਿਹਾ ਅਤੇ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਸਿੰਘ ਬੰਧੂ ਸ. ਸੁਰਿੰਦਰ ਸਿੰਘ ਜੀ ਨੇ ਇਸ ਮੌਕੇ ਤੇ ਬੋਲਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸੰਗੀਤ ਖੇਤਰ ਵਿਚ ਲਿਆਂਦੀ ਸੁਚੇਤਨਾ ਦਾ ਭਰਪੂਰ ਵਰਨਣ ਕੀਤਾ। ਸ੍ਰੀ ਜੀ. ਐਸ. ਚੰਨੀ ਨੇ ਅਪਣੇ ਭਾਸ਼ਨ



Sri Satguru Jagjit Singh Ji eLibrary NamdhariElibrary@gmail.com

ਵਿਚ ਅਕੇਡਮੀ ਦੀਆਂ ਪ੍ਰਾਪਤੀਆਂ ਦਾ ਉਲੇਖ ਕਰਦਿਆਂ ਅਕੇਡਮੀ ਨੂੰ ਮਾਇਕ ਸਹਾਇਤਾ ਦਾ ਐਲਾਨ ਕੀਤਾ। ਸਤਿਗੁਰੂ ਜੀ ਨੇ ਅਸ਼ੀਰਵਾਦ ਦੇਂਦਿਆਂ ਅਕੇਡਮੀ ਨੂੰ ਕਿਹਾ ਕਿ ਨਵੰਬਰ ਦਸੰਬਰ ਵਿਚ ਇਸ ਤੋਂ ਵੀ ਵੱਡੀ ਪੱਧਰ ਤੇ ਮੁਕਾਬਲੇ ਕਰਵਾਏ ਜਾਣ। ਜੂਨੀਅਰ ਟੀਮਾਂ ਨੂੰ ਇਨਾਮ ਸਿੰਘ ਬੰਧੂ ਸ. ਤੇਜਪਾਲ ਸਿੰਘ ਜੀ ਨੇ ਵੰਡੇ ਅਤੇ ਸੀਨੀਅਰ ਟੀਮਾਂ ਨੂੰ ਡੀ.ਸੀ. ਸਾਹਿਬ ਸਰਦਾਰ ਚੰਨੀ ਨੇ ਵੰਡੇ। ਹਰ ਭਾਗ ਲੈਣ ਵਾਲੇ ਨੂੰ ਮੋਮੈਂਟੋ ਦਿਤੇ ਗਏ। ਜੇਤੂ ਟੀਮਾਂ ਨੂੰ ਚਲੰਤ ਟਰਾਫੀਆਂ ਤੋਂ ਇਲਾਵਾ ਨਕਦ ਇਨਾਮ ਵੀ ਦਿਤੇ ਗਏ। ਪਹਿਲਾ ਸਥਾਨ ੨੫੦੦/- ਰੁਪਏ ਦੂਜਾ ਸਥਾਨ ੧੫੦੦/- ਰੁਪਏ ਅਤੇ ਤੀਸਰਾ ਸਥਾਨ ੧੦੦੦/- ਰੁਪਏ।

## ਗੁਰਬਖਸ਼ ਸਿੰਘ ਸ਼ਤਾਬਦੀ ਸਮਾਰੋਹ ਦਿੱਲੀ

ਪੰਜਾਬੀ ਸਾਹਿਤ ਸਭਾ ਦਿਲੀ ਨੇ ਭਾਪਾ ਪ੍ਰੀਤਮ ਸਿੰਘ ਜੀ ਦੀ ਅਗਵਾਈ ਹੇਠ ਦਿੱਲੀ ਵਿਚ ਕਈ ਮੰਜ਼ਲਾ ਪੰਜਾਬੀ ਭਵਨ ਤਿਆਰ ਕਰ ਲਿਆ ਹੈ। ੧੦ ਰਾਊਜ਼ ਐਵੇਨਿਊ ਨਵੀਂ ਦਿਲੀ-੨ ਵਿਚ ਉਸਰਿਆ ਇਹ ਪੰਜ਼ਾਬੀ ਭਵਨ ਸਾਹਿਤ ਸਭਾ ਦੀਆਂ ਲੋੜਾਂ ਪੂਰੀਆਂ ਕਰਦਾ ਸਨਮਾਨ ਯੋਗ ਸਾਹਿਤ ਕੇਂਦਰ ਬਣੇਗਾ। ਇਸੇ ਪੰਜਾਬੀ ਭਵਨ ਵਿਚ ਪੰਜਾਬੀ ਸਾਹਿਤ ਸਭਾ ਦਿਲੀ ਅਤੇ ਪੰਜਾਬੀ ਅਕਾਦਮੀ ਦਿਲੀ ਦੇ ਸਾਂਝੇ ਉਦਮ ਨਾਲ ੨੯-੩੦ ਅਪਰੈਲ ੧੯੯੫ ਸਨਿਚਰ ਐਤਵਾਰ ਨੂੰ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਸ਼ਤਾਬਦੀ ਸਮਾਰੋਹ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਨਾਲ ਸ਼ੁਰੂ ਹੋਏ ਦੋ ਰੋਜ਼ਾ ਸ਼ਤਾਬਦੀ ਸਮਾਰੋਹ ਦੇ ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਡਾ. ਜੁਗਿੰਦਰ ਸਿੰਘ ਪੁਆਰ ਉਪ ਕੁਲਪਤੀ ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਕੀਤੀ। ਮੁਖ ਮਹਿਮਾਨ ਸ. ਬੂਟਾ ਸਿੰਘ ਸਿਵਲ ਸਪਲਾਈ ਮੰਤਰੀ ਭਾਰਤ ਸਰਕਾਰ ਅਤੇ ਵਿਸ਼ੇਸ਼ ਮਹਿਮਾਨ ਸ. ਐਚ ਐਸ. ਹੰਸਪਾਲ ਸਾਬਕਾ ਮੈਂਬਰ ਪਾਰਲੀਮੈਂਟ ਸਨ। ਸਵਾਗਤੀ ਸ਼ਬਦ ਡਾ. ਹਰੀ ਸਿੰਘ ਨੇ ਕਹੇ ਕੁੰਜੀਵਤ ਭਾਸ਼ਨ ਪ੍ਰਸਿਧ ਸਾਹਿਤਕਾਰ ਸ. ਕਰਤਾਰ ਸਿੰਘ ਦੁਗਲ ਹੋਰਾਂ ਕਹੇ ਧੰਨਵਾਦ ਸ. ਪ੍ਰੀਤਮ ਸਿੰਘ ਬੱਤਰਾ ਸਕੱਤਰ ਪੰਜਾਬੀ ਅਕਾਦਮੀ ਦਿੱਲੀ ਨੇ ਕੀਤਾ। ਮੰਚ ਸੰਚਾਲਨ ਪ੍ਰਸਿਧ ਕਹਾਣੀ ਲੇਖਕਾ ਅਜੀਤ ਕੌਰ ਹੁਰਾਂ ਕੀਤਾ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਕੱਤਰ ਭਾਰਤੀ ਕਮਿਉਨਿਸਟ ਪਾਰਟੀ ਮਾਰਕਿਸਸਟ ਵੀ ਮੰਚ ਤੇ ਸੁਸ਼ੋਭਤ ਸਨ। ਇਹਨਾਂ ਸਾਰਿਆਂ ਨੇ ਹੀ ਸ. ਗੁਰਬਖਸ਼ ਸਿੰਘ ਹੋਰਾਂ ਦੀ ਦੇਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਭ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਾਵਨ ਕਰ ਕਮਲਾਂ ਦੁਆਰਾ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਤਸਵੀਰ ਤੋਂ ਪਰਦਾ ਹਟਾਉਣ ਦੀ ਕਿਰਪਾ ਕੀਤੀ। ਆਸ਼ੀਰਵਾਦ ਵਿਚ ਉਹਨਾਂ ਸ. ਗੁਰਬਖਸ਼ ਸਿੰਘ ਨੂੰ ਮਹਾਨ ਸਾਹਿਤਕਾਰ ਆਖ ਕੇ ਯਾਦ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਰਦਾਰ ਜੀ ਦੇ ਪ੍ਰੇਮ ਅਤੇ ਸਾਂਝ ਦਾ ਜ਼ਿਕਰ ਕੀਤਾ ਆਪ ਜੀ ਨੇ ਕਿਹਾ ਕਿ ਸ. ਗੁਰਬਖਸ਼ ਸਿੰਘ ਨੂੰ ਨਾਸਤਕ ਲਗਦੇ ਸਨ ਪਰ ਆਪ ਡੂੰਘੇ ਆਸਤਕ ਸਨ। ਵਿਚਾਰ ਵਖਰੇ ਹੋਣ ਦੇ ਬਾਵਜੂਦ ਵੀ ਉਹਨਾਂ ਦੀ ਸਾਂਝ ਬਣਦੀ ਸੀ। ਸਮਾਗਮ ਦੀ ਸਫਲਤਾ ਵਾਸਤੇ ਆਪ ਨੇ ਆਸ਼ੀਰਵਾਦ ਪਰਦਾਨ ਕੀਤੀ। ਇਸ ਸਮੇਂ ਮਾਸਕ ਆਰਸੀ ਦਾ ਵਿਸ਼ੇਸ਼ ਅੰਕ ਵੀ ਰੀਲੀਜ਼ ਕੀਤਾ ਗਿਆ।

ਸ. ਹੰਸਪਾਲ ਜੀ ਨੇ ਸਰਦਾਰ ਜੀ ਦੀ ਡਾਇਰੀ ਪ੍ਰਨ ਪੁਸਤਕ ਵਿਚ ਦਰਜ ਅੰਤਮ ਲਿਖਤ ਦਸੀ। ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਸ਼ਰਧਾ ਪੂਰਬਕ ਲਿਖਿਆ ਗਿਆ ਸੀ।

ਸੈਮੀਨਾਰ ਦੇ ਪਹਿਲੇ ਸਮਾਗਮ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਸਾਬਕਾ ਉਪ ਕੁਲਪਤੀ ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਕੀਤੀ ਅਤੇ ਪਰਚੇ ਪੜ੍ਹਣ ਵਾਲੇ ਵਿਦਵਾਨ ਸਨ ਡਾ. ਸਤਿੰਦਰ ਸਿੰਘ ਨੂਰ, ਡਾ. ਗੁਰਬਖਸ਼ ਸਿੰਘ ਫਰੈਂਕ, ਡਾ. ਚਮਨ ਲਾਲ ਪ੍ਰਭਾਕਰ ਅਤੇ ਸ੍ਰੀ ਅਮਰਜੀਤ ਗਰੇਵਾਲ।

ਦੂਜੇ ਸਮਾਗਮ ਦੀ ਪ੍ਰਧਾਨਗੀ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਹੋਰਾਂ ਕੀਤੀ ਅਤੇ ਪਰਚੇ ਪੜ੍ਹਣ ਵਾਲਿਆਂ ਵਿਚ ਸਨ ਡਾ. ਜਗਬੀਰ ਸਿੰਘ, ਪ੍ਰੋ. ਗੁਲਜ਼ਾਰ ਸਿੰਘ ਸੰਧੂ, ਡਾ. ਹਰਭਜਨ ਸਿੰਘ ਭਾਟੀਆ, ਡਾ. ਰਘਬੀਰ ਸਿੰਘ ਤੇ ਡਾ. ਜੁਗਿੰਦਰ ਕੈਰੋਂ। ਸ਼ਾਮ ਨੂੰ ਕੇਵਲ ਧਾਲੀਵਾਲ ਦੇ ਗਰੁਪ ਵਲੋਂ ਸ. ਗੁਰਬਖਸ਼ ਸਿੰਘ ਦੀਆਂ ਲਿਖਤਾਂ ਤੇ ਆਧਾਰਤ ਨਾਟਕ ਖੇਡੇ ਗਏ।

੩੦ ਅਪਰੈਲ ਐਤਵਾਰ ਸੈਮੀਨਾਰ ਦੇ ਤੀਜੇ ਸਮਾਗਮ ਦੀ ਪ੍ਰਧਾਨਗੀ ਕੀਤੀ ਨਵਾਂ ਜ਼ਮਾਨਾ ਦੇ ਮੁਖ ਸੰਪਾਦਕ ਸ. ਜਗਜੀਤ ਸਿੰਘ ਅਨੰਦ ਨੇ ਅਤੇ ਪਰਚੇ ਪੜ੍ਹਣ ਵਾਲੇ ਸਨ ਡਾ. ਕਰਨਜੀਤ ਸਿੰਘ, ਡਾ. ਸੁਖਦੇਵ ਸਿੰਘ ਸਰਸਾ, ਪ੍ਰੋ. ਰਣਜੀਤ ਸਿੰਘ, ਡਾ. ਦੇਵਿੰਦਰ ਕੌਰ ਆਦਿ।

ਸਮਾਪਤੀ ਸਮਾਗਮ ਦਾ ਮੁਖ ਭਾਸ਼ਨ ਦਿਤਾ ਸਾਬਕਾ ਵਿਦੇਸ਼ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਅਤੇ



Sri Satguru Jagjit Singh Ji eLibrary NamdhariElibrary@gmail.com

ਪ੍ਰਧਾਨਗੀ ਕੀਤੀ ਸ੍ਰੀ ਪੀ. ਐਚ. ਵੈਸ਼ਨਵ ਰਿਟਾਇਰਡ ਮੁਖ ਸਕੱਤਰ ਪੰਜਾਬ ਸਰਕਾਰ ਨੇ, ਧੰਨਵਾਦ ਕੀਤਾ ਭਾਪਾ ਪ੍ਰੀਤਮ ਸਿੰਘ ਜੀ ਨੇ।

ਦੋ ਦਿਨਾਂ ਦੇ ਇਸ ਪੀਚਵੇਂ ਪ੍ਰੋਗਰਾਮ ਵਿਚ ਬਹਿਸ ਵਾਸਤੇ ਭਾਵੇਂ ਘਟ ਸਮਾਂ ਮਿਲਿਆ, ਪਰ ਇਸ ਦੇ ਬਾਵਜੂਦ ਸ. ਗੁਰਬਖਸ਼ ਸਿੰਘ ਜੀ ਦੇ ਜੀਵਨ ਅਤੇ ਰਚਨਾ ਦੇ ਵਖ ਵਖ ਪਹਿਲੂਆਂ ਤੇ ਕਾਫੀ ਰੋਸ਼ਨੀ ਪਾਈ। ਕਈ ਪਰਚੇ ਆਲੋਚਨਾਤਮਕ ਵੀ ਸਨ ਪਰ ਦਿਲਚਸਪੀ ਨਾਲ ਸੁਣੇ ਗਏ। ਲੰਗਰ-ਚਾਹ ਪਾਣੀ ਦਾ ਵਧੀਆ ਪ੍ਰਬੰਧ ਸੀ। ਪੁਸਤਕਾਂ ਦੀ ਪ੍ਰਦਰਸ਼ਨੀ ਵੀ ਇਸ ਸਮੇਂ ਲਗਾਈ ਗਈ। ਇਸ ਸਮੇਂ ਵਿਸ਼ੇਸ਼ ਫ਼ੋਲਡਰ ਕਵਰ ਵੀ ਵੰਡਿਆ ਗਿਆ। ਜਿਸ ਵਿਚ ਮਾਸਕ ਆਰਸੀ ਦਾ ਵਿਸ਼ੇਸ਼ ਅੰਕ ਅਤੇ ਪੰਜਾਬੀ ਸਾਹਿਤ ਸਭਾ ਦਿਲੀ ਵਲੋਂ ਪ੍ਰਕਾਸ਼ਤ ਬਹੁਤ ਸੁੰਦਰ ਪੱਤਰ ਸਮਕਾਲੀ ਸਾਹਿਤ ਸੀ।

## ਖਾਲਸੇ ਦੀ ਸਾਜਣਾ ਦੇ ਸਬੰਧ ਵਿਚ ਕਵੀ ਦਰਬਾਰ

ਗਰਮਤਿ ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਿੰਘ ਸਭਾ (ਰਜਿਸਟਰਡ) ਲੁਧਿਆਣਾ ਵਿਖੇ ੩੦ ਅਪਰੈਲ ਰਾਤ ੮-੩੦ ਤੋਂ ੧੧-੩੦ ਵਜੇ ਤਕ ਖਾਲਸੇ ਦੀ ਸਾਜਣਾ ਦੇ ਸਬੰਧ ਵਿਚ ਇਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਕਰਮਵਾਰ ਸਰਵਸ੍ਰੀ ਹਰੀ ਸਿੰਘ ਜਾਚਕ, ਹਰਜੀਤ ਸਿੰਘ ਭੰਵਰਾ, ਅਜੀਤ ਸਿੰਘ ਅਜੀਤ, ਦਾਨ ਸਿੰਘ ਕੋਮਲ, ਗੁਰਚਰਨ ਸਿੰਘ 'ਚਰਨ' ਸਮਾਣਾ, ਗੁਰਬਚਨ ਸਿੰਘ ਬੀਬਾ, ਡਾ: ਇੰਦਰਜੀਤ ਸਿੰਘ ਵਾਸੂ, ਗੁਰਦਿਆਲ ਸਿੰਘ ਕੰਵਲ, ਸੁਰਜੀਤ ਸਿੰਘ ਸਾਜਨ, ਚਮਨ ਸੁਲਤਾਨਪੁਰੀ, ਜੋਗਿੰਦਰ ਸਿੰਘ ਕੰਗ, ਅਵਤਾਰ ਸਿੰਘ ਤੂਫਾਨ, ਗੁਰਚਰਨ ਸਿੰਘ ਬਿਜਲੀ, ਅਮਰ ਸਿੰਘ ਸ਼ਮਸ਼ੇਰ, ਹਰਭਜਨ ਸਿੰਘ ਧਰਨਾ, ਸੁਖਦੇਵ ਕੁਮਾਰ ਅਤੇ ਅਜੀਤ ਸਿੰਘ ...... ਨੇ ਭਾਗ ਲਿਆ। ਸਟੇਜ ਸਕੱਤਰੀ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਗਿ: ਰਾਜਿੰਦਰ ਸਿੰਘ ਨੇ ਨਿਭਾਈ। ਸੰਗਤ ਵਲੋਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿਤਾ ਗਿਆ।

ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਜਲਦੀ ਹੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ੪੦੦-ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਤ ਇਕ ਹੋਰ ਕਵੀ ਦਰਬਾਰ ਕੀਤਾ ਜਾ ਰਿਹਾ ਹੈ, ਜਿਸ ਦੀ ਤਰੀਕ ਬਾਅਦ ਵਿਚ ਸੂਚਿਤ ਕਰ ਦਿਤੀ ਜਾਵੇਗੀ।

## ਪ੍ਰਤੀਕਿਰਿਆ

'ਵਰਿਆਮ' ਪਹਿਲਾਂ ਤੋਂ ਕਾਫ਼ੀ ਸੁਹਣਾ ਹੋ ਗਿਆ ਹੈ ਦਿੱਖ ਪੱਖੋਂ ਵੀ ਤੇ ਮੈਟਰ ਪੱਖੋਂ ਵੀ। ਇਸ ਵਿਚ ਵਰਿਆਮ ਸੰਧੂ ਦਾ ਕਾਲਮ ਬਹੁਤ ਹੀ ਖੂਬਸੂਰਤ ਹੈ। ਨਾ ਕੇਵਲ ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਹੀ ਪੜ੍ਹਨ ਲਈ ਮਿਲ ਰਹੀਆਂ ਹਨ, ਸਗੋਂ ਉਹਨਾਂ ਕਹਾਣੀਕਾਰਾਂ ਬਾਰੇ ਉਚ ਪੱਧਰੀ ਜਾਣਕਾਰੀ ਵੀ। ਇਹ ਕਾਲਮ ਇਸ ਪਰਚੇ ਦਾ ਵਿਸ਼ੇਸ਼ ਹਾਸਲ ਹੈ।

**ਬਲਬੀਰ ਪਰਵਾਨਾ** ਨਵਾਂ ਜ਼ਮਾਨਾ, ਜਲੰਧਰ

——

ਮਾਰਚ ਦਾ ਵਰਿਆਮ ਮਿਲਿਆ ਹੈ। ਪ੍ਰਤੀਕ੍ਰਿਆ ਵਿਚ ਮੇਰੇ ਲੇਖ 'ਭਾਰਤੀ ਚਿੰਤਨ ਵਿਚ ਪ੍ਰਤੀਕਵਾਦ' ਬਾਰੇ ਸੁਰਜੀਤ ਖੁਰਸ਼ੀਦੀ ਦੇ ਵਿਚਾਰ ਪੜ੍ਹੇ ਹਨ।

ਉਸ ਨੂੰ ਆਖੋ ਲੇਖ ਇਕ ਵਾਰ ਫਿਰ ਪੜ੍ਹੇ। ਹਿੰਦੂ ਮੰਦਰਾਂ ਵਿਚ ਅੱਜ ਜਿਸ ਸ਼ਿਵਲਿੰਗ ਦੀ ਪੂਜਾ ਹੋ ਰਹੀ ਹੈ ਇਹ ਵਾਸਤਵ ਵਿਚ ਉਸ ਸਿਰਜਣਹਾਰ ਤੇ ਸਰਵ ਸ਼ਕਤੀਮਾਨ ਦਾ ਬਿੰਬ ਮਨੁਖੀ ਅਕਲ ਨੇ ਸਿਰਜਿਆ ਹੋਇਆ ਹੈ ਜੋ ਸਰਬ ਵਿਆਪਕ ਹੈ ਤੇ ਜਿਸ ਦੇ ਅਨੇਕ ਨਾਵਾਂ ਵਿਚੋਂ ਇਕ ਚਰਚਿਤ ਨਾਂਅ 'ਸ਼ਿਵਾ' ਹੈ, ਤੇ ਏਸੇ ਸ਼ਿਵਾ ਨੂੰ ਗੁਰੂ ਸਾਹਿਬ ਨੇ ਸੰਬੋਧਨ ਕੀਤਾ ਹੈ, ਸ਼ਿਵ ਜੀ ਲਿੰਗ ਨੂੰ ਨਹੀਂ ਜਾਂ ਸ਼ਿਵ ਜੀ ਦੇਵਤਾ ਨੂੰ।

ਜੁੱਗਾਂ ਦੀ ਤਰਤੀਬ ਬਾਰੇ ਮਿਥਿਆਸ ਨੂੰ ਪੜ੍ਹੇ ਜਾਂ ਕਿਸੇ ਸਿਆਣੇ ਪੰਡਤ ਨੂੰ ਮਿਲੇ, ਉਹ ਖੁਰਸ਼ੀਦੀ ਨੂੰ ਦਸੇਗਾ ਕਿ ਅਸਲ ਤਰਤੀਬ ਕੀ ਸੀ ਤੇ ਕਿਉਂ ਤ੍ਰੇਤਾ ਤੇ ਦੁਆਪਰ ਨੂੰ ਅਗੇ ਪਿਛੇ ਕੀਤਾ ਗਿਅ ਜਾਂ ਇਹਨਾਂ ਦੀ ਤਰਤੀਬ ਬਦਲੀ ਗਈ।

ਇਕ ਕਹਾਣੀਕਾਰ ਜਦੋਂ ਦੂਜੇ ਕਹਾਣੀਕਾਰਾਂ ਦਾ ਜ਼ਿਕਰ ਕਰਦਾ ਹੈ ਤਾਂ ਆਪਣੇ ਨਾਂਅ ਨੂੰ ਬਾਹਰ ਰਖਦਾ ਹੈ। ਇਹ ਸਦਾਚਾਰ ਵਜੋਂ ਵੀ ਠੀਕ ਹੈ ਤੇ ਉਸ ਦੀ ਨਿਮਰਤਾ ਵੀ। ਇੰਜ ਮਨੁੱਖ ਜਦੋਂ ਦੂਜੇ ਜੀਵਾਂ ਬਾਰੇ ਗੱਲ ਕਰਦਾ ਹੈ ਤਾਂ ਆਪਣੇ ਆਪ ਨੂੰ ਬਾਹਰ ਰਖ ਲੈਂਦਾ ਹੈ।

ਖੈਰ ਇਹ ਗੱਲ ਤਾਂ ਖੁਰਸ਼ੀਦੀ ਨੇ ਆਪ ਹੀ ਸਵੀਕਾਰ ਕਰ ਲਈ ਹੈ ਕਿ ਉਹ "ਅਲਪ-ਬੁਧੀ" ਵਿਅਕਤੀ ਹੈ।

ਤੇ ਹੁਣ ਮੈਂ ਕਾਹਦਾ ਗਿਲਾ ਕਰਾਂ?

**ਤਰਲੋਕ ਮਨਸੂਰ** ਗੋਇੰਦਵਾਲ



Sri Satguru Jagjit Singh Ji eLibrary NamdhariElibrary@gmail.com

# ਜਥੇਬੰਦੀਆਂ ਇੰਝ ਵੀ ਸੋਚਣ

**—ਬਸੰਤ ਸਿੰਘ ਹੰਸਪਾਲ**

"ਅੰਮ੍ਰਿਤਸਰ ੧੯੩੩ ਵਿਚ ਇਮਾਰਤੀ ਕਾਰਕੁਨ ਕਮੇਟੀ (ਰਜਿ.) ਬਣੀ ਸੀ। ਜਿਸ ਦੇ ਅੱਜ ਪ੍ਰਧਾਨ ਹਨ, ਸ: ਬਲਵੰਤ ਸਿੰਘ ਠੇਕੇਦਾਰ ਜਨਰਲ ਸਕੱਤਰ ਸ. ਕਰਤਾਰ ਸਿੰਘ ਠੇਕੇਦਾਰ, ਖਜ਼ਾਨਚੀ ਸ. ਦਿਆਲ ਸਿੰਘ ਅਤੇ ਸਕੱਤਰ ਸ. ਮਹਿੰਦਰ ਸਿੰਘ ਹੰਸਪਾਲ। ਇਹਨਾਂ ਨੇ ਦਸਿਆ ੧੯੮੫ ਵਿਚ ਸ. ਬੁਧ ਸਿੰਘ ਜੀ ਦੀ ਬੀ.ਕੇ. ਹਾਈ ਸਕੂਲ ਅੰਮ੍ਰਿਤਸਰ ਕੰਮ ਕਰਦਿਆਂ ਦੁਰਘਟਨਾ ਵਿਚ ਮੌਤ ਹੋ ਗਈ ਸੀ। ਉਹਨਾਂ ਦੀ ਵਿਧਵਾ ਸਵਰਨ ਕੌਰ ਜਿਸ ਦੀ ਇਕ ਛੋਟੀ ਬੇਟੀ ਹੀ ਸੀ ਨੇ ਕਮੇਟੀ ਪਾਸ ਮੁਆਵਜ਼ਾ ਦਿਵਾਉਣ ਲਈ ਦਰਖਾਸਤ ਦਿਤੀ।

ਪ੍ਰਬੰਧਕਾਂ ਵਲੋਂ ਸਕੂਲ ਦੇ ਮਾਲਕਾਂ ਨਾਲ ਮੁਆਵਜ਼ੇ ਲਈ ਗੱਲ ਚਲਾਈ। ਪਰ ਸਫਲਤਾ ਨਾ ਹੋਈ। ੮-੮੫ ਨੂੰ ਕਮੇਟੀ ਨੇ ਆਪਣੇ ਫੰਡ ਤੋਂ ਖਰਚਾ ਕਰਨਾ ਮਨਜ਼ੂਰ ਕਰਕੇ ਲੋਅਰ ਕੋਰਟ ਵਿਚ ਕੇਸ ਦਾਇਰ ਕੀਤਾ। ਲੋਅਰ ਕੋਰਟ ਨੇ ਲੰਬੀ ਕਾਰਵਾਈ ਤੋਂ ਬਾਅਦ ਕੇਸ ਲੇਬਰ ਕਮਿਸ਼ਨਰ ਨੂੰ ਟਰਾਂਸਫਰ ਕਰ ਦਿਤਾ। ਲੇਬਰ ਕੋਰਟ ਨੇ ੪-੯੩ ਨੂੰ ਕੇਸ ਹੀ ਖਾਰਜ ਕਰ ਦਿਤਾ।

ਦੁਬਾਰਾ ਕਮੇਟੀ ਨੇ ਹੋਰ ਵਡੇਰੇ ਖਰਚ ਲਈ ਮਨਜ਼ੂਰੀ ਲੈ ਕੇ ਹਾਈਕੋਰਟ ਚੰਡੀਗੜ੍ਹ ਵਿਖੇ ਅਪੀਲ ਕਰ ਦਿਤੀ। ੨੨-੩-੯੪ ਨੂੰ ਅਪੀਲ ਪ੍ਰਵਾਨ ਹੋ ਗਈ। ਵਿਧਵਾ ਤੇ ਉਸ ਦੀ ਬੱਚੀ ਨੂੰ ੧੦੬੦੦੦ ਰੁਪਏ ਦੀ ਭੁਗਤਾਨ ਕਰਨ ਲਈ ਹੁਕਮ ਜਾਰੀ ਕਰ ਦਿਤਾ। ਜੋ ੨੧-੭-੯੪ ਨੂੰ ਮੁਆਵਜ਼ੇ ਦੀ ਰਕਮ ਸ. ਬੁਧ ਸਿੰਘ ਦੀ ਵਿਧਵਾ ਸਵਰਨ ਕੌਰ ਅਤੇ ਉਸ ਦੀ ਬੇਟੀ ਰਾਜ ਰਾਣੀ ਨੂੰ ਦਿੱਤੀ ਗਈ।

ਇਸ ਜਥੇਬੰਦੀ ਪਾਸ ਸਾਂਝੇ ਮਕਾਨਾਂ ਦੀਆਂ ਕੰਧਾਂ ਦੇ ਅਤੇ ਪੁਰਾਣੇ ਸਾਂਝੇ ਮਕਾਨਾਂ ਦੀ ਵੰਡ ਦੇ ਝਗੜੇ ਆਉਂਦੇ ਨੇ ਅਦਾਲਤ ਵਿਚ ਜਾਣ ਤੋਂ ਪਹਿਲਾਂ ਹੀ ਨਿਪਟਾਏ ਜਾਂਦੇ। ਇਹ ਬਰਾਦਰੀ ਜ਼ਾਏ ਸਿਰਫ ਮਨੁਖਵਾਦ ਨੂੰ ਹੀ ਸਾਹਮਣੇ ਰੱਖ ਕੇ ਫੈਸਲੇ ਕਰਦੇ।

ਅੱਜ ਕੱਲ੍ਹ ਬਰਾਦਰੀ ਦੇ ਏਕੇ ਲਈ ਬੜਾ ਜ਼ੋਰ ਲਾਇਆ ਜਾ ਰਿਹਾ ਏ। ਪਰ ਅਖਬਾਰਾਂ ਵਿਚ ਇਕ ਦੂਜੇ ਤੇ ਬੇ-ਤੁਕੀ ਨੁਕਤਾਚੀਨੀ ਵੀ ਵੱਧਦੀ ਜਾ ਰਹੀ ਏ ਜੋ ਏਸੇ ਵਿਚ ਰੁਕਾਵਟ ਦਾ ਕਾਰਣ ਬਣ ਰਹੀ ਏ। ਜੇ ਹਰ ਜਥੇਬੰਦੀ ਪਾਸ ਸਰਬ ਸਾਂਝੀਵਾਲਤਾ ਦੇ ਅਧਾਰ ਤੇ ਆਪਣੀ ਆਪਣੀ ਸਮਰਧਾ ਮੁਤਾਬਕ ਲੋਕਾਂ ਦੇ ਕੰਮ ਆਉਣਾ ਹੋ ਜਾਏ। ਤਾਂ ਸੇਵਾ ਵਿਚ ਲਗਾ ਮਨ ਦੂਸਰੇ ਦੀ ਨਿੰਦਾ ਕਰਨ ਵਲ ਸੋਚ ਵੀ ਨਹੀਂ ਸਕਦਾ।

ਸਾਨੂੰ ਸੱਚ ਆਚਾਰ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਚੋਂ ਸੱਚ ਨੇ ਜਨਮ ਲੈਣਾ ਹੈ। ਤਾਂ ਫਿਰ ਏਕੇ ਦੇ ਪ੍ਰਚਾਰ ਤੋਂ ਬਗੈਰ ਹੀ ਸਭ ਨਾਲ ਸਾਂਝ ਹੀ ਜਾਪੇਗੀ।"

## ਸ. ਤਰਲੋਕ ਸਿੰਘ ਭੁਰਜੀ ਬੰਬਈ ਘਰ ਸਮਾਗਮ

ਬੰਬਈ— ਬੀਤੇ ਦਿਨੀਂ ਬੰਬਈ ਦੇ ਪ੍ਰਸਿੱਧ ਸਨਅਤਕਾਰ, ਲੇਖਕ ਅਤੇ ਫਿਲਮੀ ਹਲਕਿਆਂ ਦੀ ਨਾਮਵਰ ਹਸਤੀ ਸ. ਤਰਲੋਕ ਸਿੰਘ ਭੁਰਜੀ ਅਤੇ ਉਨ੍ਹਾਂ ਦੇ ਸਮੂੰਹ ਪਰਿਵਾਰ ਵਲੋਂ ਚੇਂਬੂਰ ਇਲਾਕੇ ਵਿਚ ਆਪਣੇ ਗ੍ਰਹਿ 'ਗੁਰਦਾਸ' ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦਾ ਭੋਗ ਪਾਇਆ ਗਿਆ। ਭੁਰਜੀ ਪਰਿਵਾਰ ਵਲੋਂ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੀਤੇ ਇਸ ਸਮਾਗਮ ਦੇ ਮੌਕੇ 'ਤੇ ਸੰਗਤਾਂ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਚਰਣ ਪਾਏ। ਇਸ ਮੌਕੇ 'ਤੇ ਗੁਰੂ ਨਾਨਕ ਖਾਲਸਾ ਕਾਲਜ ਬੰਬਈ ਦੇ ਸਾਬਕਾ ਪ੍ਰਿੰਸੀਪਲ ਡਾ. ਕੇ. ਜਗਜੀਤ ਸਿੰਘ ਨੇ ਭੁਰਜੀ ਪਰਿਵਾਰ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਇਸ ਖੁਸ਼ੀ ਵਿਚ ਉਨ੍ਹਾਂ ਅਦਾਰਾ 'ਵਰਿਆਮ' ਨੂੰ ਢਾਈ ਸੌ ਰੁਪਏ ਸਹਿਯੋਗ ਵਜੋਂ ਭੇਜੇ।

—ਪਰਮਜੀਤ ਠੁਕਰਾਲ






Sri Satguru Jagjit Singh Ji eLibrary NamdhariElibrary@gmail.com

With Best Compliments From :

# narain's®

SUITINGS & SHIRTINGS

Wholesale Dealers :

## G. G.
## *Enterprises*

## GEE FAB

Wholsale

DUPATTA & TURBAN

Dealer

**S C O 847-848, Sector 22-A,**

**CHANDIGARH**

Shop—24221
Resi.—573746



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# AMAN HANDLOOMS

Deals in :

* Curtain Cloth,
* Bed Sheets,
* Bed Covers,
* Towel Lungis etc.

## S.C.O. 847-48, Basement (New Cloth Market)

## Sector 22-A, Chandigarh—160022

Phones :—Shop 27940, Resi. 20953 (Pawittar Singh) ; Resi. 21848 (Surinderpal Singh)



Sri Satguru Jagjit Singh Ji eLibrary NamdhariElibrary@gmail.com

# S. R. TRADERS

**Wholesale School Uniform Cloth Merchants**

**S. C. O. 4, Sector 20-D**

**CHANDIGARH**




Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. : DAYA SINGH BHUI

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for Marriages Parties & Govt. Functions

## Namdhari Tent House

**53, Hamidia Road Near Alpana Talkies, BHOPAL (M.P.)**

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Beards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
Old Railway Road, JALANDHAR.



Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM APRIL 1995
Ladowali Raod, Jalandhar-144001
Registered with the Registrar of News Papers for India No. 26453/75

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ






## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
" : 2510345
Resi. : 38 [illegible]441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ 2225[illegible] ਨਿਵਾਸ 56289

Sri Satguru Jagjit Singh Ji eLibrary NamdhariElibrary@gmail.com